# ਦੂਰ ਦੁਰਾਡੇ ਸ਼ਹਿਰੋਂ

ਹਰਚਰਨ ਸਿੰਘ ਐਮ. ਏ.

Rural Reconstruction is nothing more or less than the revival of the old-fashioned virtues of hard-work, thrift, self-control, self-respect, self-help, mutual help and mutual respect – F.L. Brayne.

**ਈਸਟਰਨ ਪੰਜਾਬ ਪਬਲਿਸ਼ਰਜ਼**

**ਕਰੋਲ ਬਾਗ਼, ਦਿੱਲੀ**

---

**ਚੌਥੀ ਵਾਰ "** **❀ਮੁਲ ਡੇਢ ਰੁਪਿਆ**

*ਸਭ ਹੱਥ ਕਰਤਾ ਦੇ ਰਾਖਵੇਂ ਹਨ*

ਪ੍ਰਕਾਸ਼ਕ

ਪ੍ਰਿੰਸੀਪਲ ਹਰਚਰਨ ਸਿੰਘ ਐਮ. ਏ.

ਈਸਟਰਨ ਪੰਜਾਬ ਕਾਲਜ, ਕਰੋਲ ਬਾਗ਼, ਦਿੱਲੀ,

ਕੇਵਲ ਪਹਿਲੇ ਅਠ ਸਫ਼ੇ 'ਦੀ ਜਸਵੰਤ ਪ੍ਰਿੰਟਿੰਗ ਪ੍ਰੈਸ'

ਗਲੀ ਕੋਤ ਵਾਲੀ, ਪਹਾੜ ਗੰਜ, ਦਿੱਲੀ ਵਿੱਚ ਛਪੇ

# ਮੁਖ-ਸ਼ਬਦ

ਦੂਰ ਦੁਰਾਡੇ ਸ਼ਹਿਰੋਂ ਦੀ ਚੌਥੀ ਐਡੀਸ਼ਨ ਛਾਪਦਿਆਂ ਮੈਨੂੰ ਖ਼ੁਸ਼ੀ ਮਹਿਸੂਸ ਹੋ ਰਹੀ ਹੈ। ਡਰਾਮਿਆਂ ਨੂੰ ਲੋਕੀਂ ਬਹੁਤ ਘਟ ਪੜ੍ਹਦੇ ਹਨ, ਫੇਰ ਪੰਜਾਬੀ ਵਿੱਚ ਤਾਂ ਪਾਠਕਾਂ ਦੀ ਹੋਰ ਵੀ ਥੁੜ ਹੈ। ਇਸ ਡਰਾਮੇ ਨੂੰ ਲਿਖਿਆ, ਅਜ ਪੂਰੇ ਦਸ ਸਾਲ ਹੋ ਗਏ ਹਨ। ਇਸ ਸਮੇਂ ਵਿੱਚ ਪੰਜਾਬ ਅੰਦਰ ਬੇਹਦ ਤਬਦੀਲੀਆਂ ਆਈਆਂ, ਖ਼ੂਨ ਖਰਾਬੇ ਹੋਏ ਅਤੇ ਲੋਕੀਂ ਪਿਉ ਦਾਦੇ ਦੇ ਘਰੋਂ ਪੁਟ ਕੇ ਕਿਤੇ ਦੇ ਕਿਤੇ ਸੁਟ ਦਿਤੇ ਗਏ। ਕਈ ਲੋਕੀਂ ਅਮੀਰੋਂ ਗਰੀਬ ਤੇ ਕਈ ਗ਼ਰੀਬੋਂ ਅਮੀਰ ਹੋਏ, ਪਰ ਗ਼ਰੀਬ ਜ਼ਿਮੀਂਦਾਰ ਦੀ ਕਿਸਮਤ ਵਿੱਚ ਕੋਈ ਪਲਟਾ ਨਾ ਆਇਆ, ਸਗੋਂ ਮੁਜ਼ਾਰਿਆਂ ਦੀ ਹਾਲਤ ਪਹਿਲੋਂ ਨਾਲੋਂ ਵੀ ਭੈੜੀ ਹੋ ਗਈ ਹੈ। ਉਨ੍ਹਾਂ ਦੇ ਪੈਰ ਇਕ ਵਾਰ ਧਰਤੀ ਤੋਂ ਉੱਖੜ ਗਏ  ਹੀ ਸਨ ਕਿੰਨਾ ਚੰਗਾ ਹੁੰਦਾ, ਜੇ ਹੱਥੀਂ ਵਾਹੀ ਕਰਨ ਵਾਲਿਆਂ ਕਿਸਾਨਾਂ ਨੂੰ ਇਕੋ ਜਿੰਨੀ ਜ਼ਮੀਨ ਦੇ ਕੇ ਖ਼ੁਸ਼ ਕੀਤਾ ਜਾਂਦਾ। ਐਨੇ ਕਸ਼ਟ ਝਲ ਕੇ ਹੁਣ ਫੇਰ ਲੱਖਾਂ ਗਰੀਬ ਕਿਸਾਨ ਬੇ ਘਰ ਕਰ ਦਿੱਤੇ ਗਏ ਹਨ। ਇਸਦਾ ਜ਼ਿਮੇਵਾਰ ਕੌਣ ਹੈ?

ਮੁਲਕ ਅਜ਼ਾਦ ਹੋ ਗਿਆ ਹੈ, ਪਰ ਪਿੰਡ ਸੁਧਾਰ ਦਾ ਅਹਿਮ ਮਸਲਾ ਉਸੇ ਤਰ੍ਹਾਂ ਅਟਲ ਹੈ। ਪਰ ਹੁਣ ਇਸ ਦੇ ਕਿਸੇ ਨਾ ਕਿਸੇ ਦਿਨ ਸੁਲਝਣ ਦੀ ਆਸ ਜ਼ਰੂਰ ਬਝ ਰਹੀ ਹੈ।

ਕਰੋਲ ਬਾਗ਼, ਦਿੱਲੀ“ ਹਰਚਰਨ ਸਿੰਘ
23.12.49. “

## ਇਸੇ ਲੇਖਣੀ ਦੀਆਂ ਹੋਰ ਪੁਸਤਕਾਂ

1. ਅਨਜੋੜ
2. ਖੇਡਣ ਦੇ ਦਿਨ ਚਾਰ
3. ਦੂਰ ਦੁਰਾਡੇ ਸ਼ਹਿਰੋਂ
4. ਕਮਲਾ ਕੁਮਾਰੀ
5. ਰਾਜਾ ਪੋਰਸ
6. ਜੀਵਨ ਲੀਲ੍ਹਾ
7. ਪੰਜ ਗੀਟੜਾ
8. ਸਪਤ ਰਿਸ਼ੀ
9. 20 ਇਕਾਂਗੀ ਨਾਟਕ
10. ਸਾਰੇ ਦੇ ਸਾਰੇ ਨਾਟਕ
11. ਸਿਪੀਆਂ (ਕਹਾਣੀਆਂ)

# ਪਹਿਲੀ ਐਡੀਸ਼ਨ ਦੀ ਭੂਮਿਕਾ

ਹਿੰਦੁਸਤਾਨ ਦਾ ਗ਼ਰੀਬ [*] ਕਿਸਾਨ ਇਸ ਵੇਲੇ ਜੀਉਣ ਲਈ ਦਮ ਤੋੜ ਰਿਹਾ ਹੈ। ਸਦੀਆਂ ਦੀ ਇਕ-ਸਾਰ ਜ਼ਿੰਦਗੀ ਨੇ ਉਸ ਦਾ ਦਿਲ ਤੇ ਦਿਮਾਗ ਕੰਮ ਜੋਗਾ ਨਹੀਂ ਰਹਿਣ ਦਿੱਤਾ। ਹਾਲਤ ਏਨੀ ਨਾਜ਼ਕ ਹੋ ਗਈ ਹੈ ਕਿ, ਆਪਣੇ ਨੁਕਸ ਜਾਣਦਾ ਹੋਇਆ ਵੀ ਉਹ ਬੇਵਸ ਹੈ, ਉਸ ਦਾ ਘਰ-ਘਾਟ ਤੇ ਖੇਤ ਪਰਾਏ ਹੋ ਚੁਕੇ ਹਨ, ਉਸ ਦੇ ਦਿਲ ਵਿੱਚ ਕਿਸੇ ਨਵੀਂ ਜ਼ਿੰਦਗੀ ਲਈ ਕੋਈ ਤਾਂਘ ਨਹੀਂ ਰਹੀ।

ਮੈਂ ਹੈਰਾਨ ਹੁੰਦਾ ਹੈ ਜਦੋਂ ਲੋਕੀਂ ਜ਼ਿਮੀਂਦਾਰ ਨੂੰ ਦੋਸ਼ੀ ਠਹਿਰਾਉਂਦੇ ਹਨ। ਜੇ ਉਹ ਜਾਹਲ, ਗ਼ਰੀਬ, ਰੋਗੀ, ਵਹਿਮੀ, ਰਸਮਾਂ ਦਾ ਗ਼ੁਲਾਮ, ਕਿਸਮਤ ਦਾ ਕਾਇਲ ਤੇ ਸਮੇਂ ਤੋਂ ਸਦੀਆਂ ਪਿਛੇ ਹੈ, ਤਾਂ ਇਹ ਉਸ ਦਾ ਕਸੂਰ ਨਹੀਂ। ਇਹ ਸਰਕਾਰ ਜਾਂ ਸ਼ਹਿਰੀ ਪੜ੍ਹੀ-ਲਿਖੀ ਖ਼ੁਦਗਰਜ਼ ਜਨਤਾ ਦਾ ਦੋਸ਼ ਹੈ। ਕਿਸੇ ਉੱਨਤ ਦੇਸ਼ ਦਾ ਪੇਂਡੂ ਇਤਿਹਾਸ ਪੜ੍ਹ ਕੇ ਵੇਖ ਲਵੋ, ਪਤਾ ਲਗੇਗਾ ਕਿ ਉਸ ਮੁਲਕ ਦੇ ਪੇਂਡੂ ਹਾਲਾਤ ਉਦੋਂ ਤਕ ਨਹੀਂ ਬਦਲੇ, ਜਦੋਂ ਤਕ ਹਮਦਰਦ ਗੌਰਮੈਂਟ ਨੇ ਮੁਲਾਜ਼ਮ, ਰੱਸਿਕ ਤੇ ਉਤਸ਼ਾਹੀ ਆਗੂਆਂ ਦੀ ਮਦਦ ਨਾਲ ਪਿੰਡਾਂ ਵਿੱਚ ਜਾਗ੍ਰਤ ਪੈਦਾ ਕਰਨ ਤੇ ਚਾਨਣਾ ਫੈਲਾਉਣ ਦਾ ਪ੍ਰਣ ਨਹੀਂ ਕਰ ਲਿਆ। ਯੂਰਪੀ ਜ਼ਿਮੀਂਦਾਰ ਦੀ ਹਾਤਲ ਕੁਝ ਸਮਾਂ ਪਹਿਲੋਂ ਹਿੰਦਸਤਾਨੀ ਨਾਲੋਂ ਵੀ ਭੈੜੀ ਸੀ। ਠੀਕ ਏ, ਸਾਡੇ ਰਾਹ ਵਿੱਚ ਉਨ੍ਹਾਂ ਨਾਲੋਂ ਬਹੁਤੀਆਂ ਔਕੜਾਂ ਹਨ, ਪਰ ਮੁਸ਼ਕਲਾਂ ਵੀ ਤਾਂ ਆਦਮੀਆਂ ਦੇ ਹਲ ਕਰਨ ਲਈ ਬਣੀਆਂ ਹਨ। ਕੋਈ ਕੰਮ ਉੱਨਾ ਚਿਰ ਅਸੰਭਵ ਮਲੂਮ ਹੁੰਦਾ ਹੈ, ਜਿੰਨਾ ਚਿਰ ਤਕ ਉਸ ਨੂੰ ਛੋਹਿਆ ਨਾ ਜਾਵੇ।

ਕਿਸੇ ਨੂੰ ਦਸਣ ਦੀ ਲੋੜ ਹੈ ਕਿ ਹਿੰਦੁਸਤਾਨ ਇਕ ਵਾਹੀ ਪੇਸ਼ਾ ਦੇਸ਼ ਹੈ? 89 ਫ਼ੀ ਸਦੀ ਤੋਂ ਬਹੁਤੇ ਲੋਕੀਂ ਪਿੰਡਾਂ ਵਿੱਚ ਰਹਿੰਦੇ ਹਨ। ਗੌਰਮੈਂਟ ਦੀ ਆਰਥਕ ਹਾਲਤ ਜ਼ਮੀਨ ਦੀ ਪੈਦਾਵਾਰ ਤੇ ਨਿਰਭਰ ਹੈ। ਖ਼ੁਸ਼ਹਾਲ ਪਿੰਡਾਂ ਦਾ ਮਤਲਬ ਚੰਗੀ ਸਰਕਾਰ ਤੇ ਖਜੁਸ਼ਹਾਲ ਭਾਰਤਵਰਸ਼ ਹੈ। ਸੋ ਕੋਈ ਵੀ ਹਿੰਦੀ, ਪਿੰਡਾਂ ਵਲੋਂ ਮੂੰਹ ਮੋੜ ਕੇ, ਦੇਸ਼-ਦਰਦੀ ਨਹੀਂ ਕਹਾ ਸਕਦਾ।

ਕੁਝ ਸਾਲ ਤੋਂ ਸਰਕਾਰ ਨੇ ਇਸ ਅਨ-ਅਪਣਾਏ ਪਰ ਅਹੀਤ ਜ਼ਰੂਰੀ ਕੰਮ ਵਲ ਧਿਆਨ ਦਿੱਤਾ ਹੈ। ਪਿੰਡਾਂ ਦੀ ਹਾਲਤ ਚੰਗੀ ਕਰਨ ਲਈ ਬੜੀਆਂ ਕੋਸ਼ਸ਼ਾਂ ਹੋ ਰਹੀਆਂ ਹਨ। ਸੂਬਕ ਅਸੈਂਬਲੀਆਂ ਵਿੱਚ ਉਚੇਚੇ ਬਜਟ ਪਾਸ ਹੋਣ ਲਗ ਪਏ ਹਨ। ਪਰ ਜਾਂ ਪਿੰਡਾਂ ਵਲ ਨਜ਼ਰ ਮਾਰੀਦੀ ਹੈ, ਤਾਂ ਕੋਈ ਲੰਮਾ-ਚੌੜਾ ਫ਼ਰਕ ਪਿਆ ਨਹੀਂ ਦਿਸਦਾ।

ਇਸ ਦੇ ਕਈ ਕਾਰਨ ਹਨ — ਅਨ-ਪੜ੍ਹਤਾ, ਰਸਮੋਰਵਾਜ, ਜ਼ਿਮੀਂਦਾਰ ਦਾ ਕਿਸਮਤ ਤੇ ਵਿਸ਼ਵਾਸ, ਸਥਾਨਕ ਆਗੂਆਂ ਦੀ ਥੁੜ, ਉੱਦਮ ਤੇ ਉਤਸ਼ਾਹ ਦਾ ਘਾਟਾ, ਨਮੂਨੇ ਦੀ ਪਿੰਡਾਂ ਦੀ ਲੋੜ, ਲੋਕਾਂ ਦੀ ਗ਼ਰੀਬੀ ਤੇ ਬੇਵਸੀ, ਪੜ੍ਹੇ-ਲਿਖੇ ਸਿਆਣੇ ਬੰਦਿਆਂ ਦੀ ਨਾ-ਮਿਲਵਰਤਨ, ਜ਼ਿਮੀਂਦਾਰਾਂ ਵਿੱਚ ਬੇਇਤਫ਼ਾਕੀ ਤੇ ਇਖ਼ਤਾਲਫ਼ ਆਦਿ। ਇਸ ਤੋਂ ਬਿਨਾਂ ਆਮ ਜਨਤਾਦਾ ਖ਼ਿਆਲ ਹੈ ਕਿ ਪਿੰਡਾਂ ਦਾ ਸੁਧਾਰ ਕਰਨਾ ਸਰਕਾਰ ਦੇ ਜ਼ੁੰਮੇ ਹੈ। ਮੈਂ ਸਮਝਦਾ ਹਾਂ ਕਿ ਜਦੋਂ ਤਕ ਪੜ੍ਹੇ-ਲਿਖੇ ਤੇ ਰੱਜੇ ਪੁੱਜੇ ਕੁਲ ਇਸਤਰੀ-ਮਰਦ ਇਸ ਨੂੰ ਆਪਣਾ ਫਰਜ਼ ਖ਼ਿਆਲ ਨਹੀਂ ਕਰਦੇ, ਉਦੋਂ ਤਕ ਪਿੰਡਾਂ ਦੀ ਹਾਲਤ ਬਦਲਨੀ ਬੜੀ ਮੁਸ਼ਕਲ ਹੈ। ਕੇਵਲ ਪੰਜਾਬ ਹੀ ਲਗਭਗ 35999 ਪਿੰਡ ਹਨ। ਏਨੇ ਪਿੰਡਾਂ ਨੂੰ ਸੁਧਾਰਨ ਲਗਿਆਂ ਸਰਕਾਰ ਦਾ ਦਵਾਲਾ ਨਿਕਲ ਸਕਦਾ ਹੈ। ਇਸ ਕੰਮ ਵਿੱਚ ਸਰਕਾਰ ਦੀ ਮਦਦ ਸਾਨੂੰ ਬੜੀ ਮਹਿੰਦੀ ਪਵੇਗੀ। ਜਿਹੜਾ ਕੰਮ ਸਾਡਾ ਵਿਹਲੇ ਮੌਕੇ ਦਾ ਸ਼ੁਗਲ ਹੋ ਸਕਦਾ ਹੈ, ਉਹ ਗੌਰਮੈਂਟ ਨੇ ਹਜ਼ਾਰਾਂ ਰੁਪਏ ਦੇ ਮੁਲਾਜ਼ਮ ਰਖਕੇ ਕਰਵਾਉਣਾ ਹੈ।

---

[*] ਸਾਰੇ ਡਰਾਮੇ ਵਿੱਚ ਜੱਟ, ਜ਼ਿਮੀਂਦਾਰ ਜਾਂ ਕਿਸਾਨ ਤੋਂ ਮਤਲਬ ਹੱਥੀਂ ਵਾਹੀ ਕਰਨ ਵਾਲੇ ਗ਼ਰੀਬ ਕਾਮੇ ਤੋਂ ਹੈ।

ਮਿਸਟਰ ਬ੍ਰੇਨ ਦੀ ਕਿਤਾਬ Socrates in an Indian Village (ਪੇਂਡੂ ਸੁਕਰਾਤ) ਦੀ ਭੂਮਿਕਾ ਵਿੱਚ ਲਾਰਡ ਇਰਵਿਨ ਸਾਬਕ ਵਾਇਸਰਾਏ ਹਿੰਦ) ਲਿਖਦੇ ਹਨ — "ਮੈਨੂੰ ਇਸ ਗੱਲ ਦਾ ਪੱਕਾ ਯਕੀਨ ਹੈ ਕਿ ਜੇ ਕਦੀ ਅਸੀਂ ਇਕ ਵਾਰੀ ਖੇਤੀ-ਾੜੀ ਕਰਨ ਵਾਲੇ ਹਿੰਦੁਸਤਾਨੀਆਂ ਨੂੰ ਸਮਝਾ ਦੇਈਏ ਕਿ ਉਨ੍ਹਾਂ ਦੀ ਖ਼ੁਸ਼ੀ ਤੇ ਖ਼ੁਸ਼ਹਾਲੀ ਦੀ ਕੁੰਜੀ ਉਨ੍ਹਾਂ ਦੇ ਆਪਣੇ ਹੱਥ ਹੈ, ਤਾਂ ਇਸ ਹਿੰਦੁਸਤਾਨੀ ਜੀਵਨ ਦੇ ਸੁਧਾਰ ਵਿੱਚ ਇਕ ਤਕੜਾ ਕਦਮ ਅਗਾਂਹ ਨੂੰ ਚੁਕਿਆ ਜਾਵੇਗਾ।"

ਇਕ ਥਾਂ ਮਿਸਟਰ ਬ੍ਰੇਨ ਆਪਣੀ ਹੁਣੇ ਛਪੀ ਕਿਤਾਬ Better Village ਵਿੱਚ ਲਿਖਦੇ ਹਨ, The main problem of rural reconstruction is not so mutch to find out what is wrong and how to put it right, as to put a dynamo into the village ...... This dynamo is the ambition to raise the standand of living.

ਉਪਰੋਕਤ ਸਤਰਾਂ ਦੇ ਸਿਆਣੇ ਮਾਨਯੋਗ ਬਜ਼ੁਰਗਾਂ ਦੇ ਤਜਰਬੇ ਦਾ ਤਤ ਹੈ। ਪਿੰਡਾਂ ਵਿੱਚ ਸ੍ਵੈ-ਸੁਧਾਰ ਦੀ ਲਗਨ ਤੇ ਨਵੀਂ ਜ਼ਿੰਦਗੀ ਲਈ ਤਾਂਘ ਪੈਦਾ ਕਰਨ ਦੀ ਲੋੜ ਹੈ। ਜਿੱਥੇ ਚਾਹ ਹਵੋ, ਰਾਹ ਲਭ ਹੀ ਪੈਂਦਾ ਹੈ। ਜਿਸ ਵੇਲੇ ਜ਼ਿਮੀਂਦਾਰਾਂ ਵਿੱਚ ਕਿਸੇ ਚੰਗੀ ਜ਼ਿੰਦਗੀ ਦਾ ਚਾ ਕੁਦ ਪਿਆ, ਪਿੰਡਾਂ ਦਾ ਸੁਧਾਰ ਹੋਇਆ ਪਿਆ ਸਮਝੋ।

ਸੋ ਸਭ ਤੋਂ ਪਹਿਲਾਂ ਕੰਮ ਸਾਡੇ ਸਾਹਮਣੇ ਪਿੰਡਾਂ ਵਿੱਚ ਜਾਗ੍ਰਤ ਪੈਦਾ ਕਰਨ ਦਾ ਹੈ; ਬੇਜਾਨ, ਕੋਝੇ, ਨਰਕ-ਰੂਪ ਪਿੰਡਾਂ ਵਿੱਚ ਜਾਨ ਤੇ ਸੁਹਜ-ਸੁਆਦ ਪਾਉਣ ਦਾ ਹੈ; ਸਿਥਲ ਹੋ ਚੁੱਕੇ ਪੇਂਡੂ ਭਰਾਵਾਂ ਨੂੰ ਟੁੰਬ ਕੇ ਜਗਾਉਣ ਦਾ ਹੈ; ਪਿੰਡ ਦੀ ਰੁੱਖੀ ਤੇ ਬੇਸੁਆਦੀ ਜ਼ਿੰਦਗੀ ਵਿੱਚ ਨਵੀਂ ਰੂਹ ਭਰਨ ਦਾ ਹੈ। ਪਰ-ਪਰ ਇਹ ਸਭ ਕੁਝ ਕਿਸ ਤਰ੍ਹਾਂ ਹੋ ਸਕਦਾ ਹੈ? — ਵਿਦਿਆ ਦੇ ਪਰਚਾਰ ਤੇ ਇਲਮ ਦੀ ਰੋਸ਼ਨੀ ਨਾਲ ਜਹਾਲਤ ਦੇ ਘੁੱਪ ਹਨੇਰੇ ਵਿੱਚ ਸਾਡੀਆਂ ਸਾਰੀਆਂ ਕੋਸ਼ਸ਼ਾਂ ਬਅਰਥ ਜਾਣਗੀਆਂ। ਯਕੀਨ ਸਮਝੋ-ਵਿਦਿਆ, ਕੇਵਲ ਵਿਦਿਆ ਤੇ ਵਿਦਿਆ ਹੀ ਸਾਡੀ ਮੁਸ਼ਕਲ ਦਾ ਹਲ ਹੈ।

ਜਦੋਂ ਜ਼ਿਮੀਂਦਾਰ ਨੂੰ ਇਸ ਗਲ ਦਾ ਗਿਆਨ ਹੋ ਗਿਆ ਕਿ ਖੁੱਲੀ ਹਵਾ ਤੇ ਧੁੱਪ ਮਕਾਨ ਨੂੰ ਅਰੋਗ ਰਖਦੀ ਹੈ ਤਾਂ ਢੰਡੋਰੇ ਫਿਰਵਾ ਕੇ ਪਿੰਡਾਂ ਵਿੱਚ ਰੋਸ਼ਨਦਾਨ ਲਵਾਉਣ ਦੀ ਲੋੜ ਨਹੀਂ ਰਹੇਗੀ। ਜਦੋਂ ਵਿਦਿਆ ਦਾ ਚਾਨਣ ਉਨ੍ਹਾਂ ਦੇ ਦਿਲ ਦਮਾਗ਼ ਤਕ ਪੁੱਜ ਗਿਆ, ਉਨ੍ਹਾਂ ਨੂੰ ਖ਼ੁਦ ਹੁਣਦਾ ਪੇਂਡੂ ਜੀਵਨ ਫਿੱਕਾ-ਫਿੱਕਾ ਮਲੂਮ ਹੋਵੇਗਾ; ਉਹ ਗੰਦਾ ਤੇ ਭੈੜਾ ਆਲਾ-ਦੁਆਲਾ ਇਕ ਦਿਨ ਵੀ ਨਹੀਂ ਸਹਾਰ ਸਕਣਗੇ; ਬਿਨਾਂ ਆਖਣ ਤੋਂ ਰੂੜੀਆਂ ਨੂੰ ਟੋਇਆਂ ਵਿੱਚ ਰੱਖਣਗੇ; ਆਪਣ ਘਰ, ਖੇਤ ਤੇ ਪਿੰਡ ਨੂੰ ਸੁਚੱਜਾ ਬਣਾਉਣ ਵਿੱਚ ਫ਼ਖ਼ਰ ਸਮਝਣਗੇ; ਅਜਾਈਂ ਵਕਤ ਗਵਾਉਣ ਦੀ ਕਾਂ ਘਰੇਲੂ ਦਸਤਕਾਰੀਆਂ ਸ਼ੁਰੂ ਕਰ ਦੇਣਗੇ; ਰਸਮਾਂ ਦੀ ਕੈਦ ਵਿੱਚ ਰਹਿਣ ਉਹ ਕਦੇ ਪਸੰਦ ਨਹੀਂ ਕਰਨਗੇ। ਜ਼ਿਮੀਂਦਾਰ ਨੂੰ ਇਹ ਯਕੀਨ ਕਰਵਾਉਣ ਦੀ ਲੋੜ ਹੈ ਕਿ ਉਸਦੀ ਕਿਸਮਤ, ਵਿਦਿਆ, ਉੱਦਮ ਤੇ ਉਤਸ਼ਾਹ ਨਾਲ ਬਦਲ ਸਕਦੀ ਹੈ ਤੇ ਮਿਲਵਰਤਨ ਦੇ ਜਾਦੂ ਨਾਲ ਉਸਦੇ ਸਦੀਆਂ ਦੇ ਦਲਿੱਦਰ ਟੁਟ ਸਕਦੇ ਹਨ।

ਅਨਪੜ੍ਹਤਾ ਦੀ ਹਾਲਤ ਵਿੱਚ ਜੱਟ ਨੂੰ ਰਜਵੀਂ ਰੋਟੀ ਸਗੋਂ ਬਹੁਤਾ ਖ਼ਰਾਬ ਕਰਦੀ ਹੈ। ਅਲ੍ਹੜ ਜ਼ਿਮੀਂਦਾਰ ਵਾਧੂ ਰੁਪਏ ਤੋਂ ਨਾ ਆਪ ਸੁਖ ਲੈ ਸਕਦਾ ਹੈ, ਤੇ ਨਾ ਕਿਸੇ ਭਰਾ ਨੂੰ ਕੋਈ ਫ਼ੈਦਾ ਪੁਚਾ ਸਕਦਾ ਹੈ। ਲੋੜ ਤੋਂ ਵੱਧ ਰੁਪਏ ਨੂੰ ਉਹ ਲੜਾਈ-ਝਗੜੇ, ਮੁਕੱਦਮੇ-ਬਾਜ਼ੀ, ਮਕਾਨਾਂ, ਰਸਮਾਂ, ਗਹਿਣੇ ਤੇ ਸ਼ਰਾਬ ਪੀਣ ਉੱਤੇ ਖਰਚ ਕਰੇਗਾ। ਸੋ ਉਸਦੀ ਆਮਦਨੀ ਵਧਾਉਣ ਤੋਂ ਪਹਿਲਾਂ ਜ਼ਿਮੀਂਦਾਰ ਨੂੰ ਇਨਯਾਨ ਬਣਾਉਣ ਦੀ ਲੋੜ ਹੈ। ਸਾਡੇ ਪਿੰਡ ਕੋਈ ਪੰਜ ਸਤ ਬੰਦੇ ਵੀਹ ਇੱਕੀਂ ਸਾਲੀਂ ਅਮ੍ਰੀਕਾ (ਮਿਰਕਣ) ਤੋਂ ਵਾਪਸ ਆਏ ਸਨ। ਕੋਈ ਲੱਖ ਰੁਪਈਆ ਕਮਾ ਕੇ ਲਿਆਇਆ ਤੇ ਕੋਈ ਪੰਜਾਹ ਹਜ਼ਾਰ। ਆਉ ਦਿਆਂ ਨੇ ਸਭ ਤੋਂ ਪਹਿਲਾਂ ਚਾਰ ਚਾਰ ਮੰਜ਼ਲੇ ਉੱਚੇ * ਮਕਾਨ ਪਾਏ ਤੇ ਫੇਰ ਘਮਾਵਾਂ ਬੱਧੀ ਬਰਾਨੀ ਜ਼ਮੀਨਾਂ ਖ਼ਰੀਦੀਆਂ। ਦੋ ਚੌਂਹ ਸਾਲਾਂ ਪਿਛੋਂ ਓਹੋ ਟੁੱਟੀਆਂ ਹੋਈਆਂ ਝੁੱਗੀਆਂ ਤੋਂ ਪਾਟੀਆਂ ਹੋਈਆਂ ਕੱਛਾਂ-ਬਸ, ਭਰਾਵਾਂ ਨਾਲ ਭਰਾ ਰਲ ਗਏ।

* ਵਿਚਾਰੇ ਨੀਊਯਾਰਕ ਵਰਗੇ ਸ਼ਹਿਰ ਵਿੱਚ ਦੇਖ ਆਏ ਹੋਣ ਨੇ।

ਤੁਸੀਂ ਹਰਾਨ ਹੋਵੇਗੇ, ਸਾਡੇ ਪਿੰਡ ਇਕ ਜ਼ਿਮੀਂਦਾਰ ਦੇ ਮਕਾਨ ਤੇ 24 ਹਜ਼ਾਰ ਰੁਪਿਆ ਲੱਗਾ ਹੋਇਆ ਹੈ। ਮਿਸਟਰ ਬ੍ਰੇਨ ਤੇ ਪਿੰਡ ਸੁਧਾਰ ਵਾਲੇ ਜ਼ਰੂਰ ਇਕ ਪਾਸੇ ਧਿਆਨ ਦੇਣ। ਜ਼ਿਦੋ-ਜ਼ਿਦੀ ਉੱਚੇ ਉੱਚੇ ਪੱਕੇ ਮਕਾਨ ਪਾਉਣ ਦੀ ਬੀਮਾਰੀ ਬਾਕੀ ਆਮ ਪਰ ਦੁਆਬੇ ਵਿੱਚ ਖਾਸ ਕਰਕੇ ਫੈਲ ਰਹੀ ਹੈ।

ਮੇਰਾ ਨਿਸਚਾ ਹੈ ਕਿ *ਵਿਦਿਆ ਦੇ ਪਰਚਾਰ ਤੋਂ ਬਿਨਾਂ ਪਿੰਡਾਂ ਦਾ ਸੁਧਾਰ ਕਰਨਾ, ਹਨੇਰੇ ਵਿੱਚ ਟੱਕਰਾਂ ਮਾਰਨ ਵਾਲਾ ਹਿਸਾਬ ਹੈ। ਸਾਡੀ ਸਭ ਤੋਂ ਪਹਿਲੀ ਕੋਸ਼ਸ਼ ਪਿੰਡਾਂ ਵਿੱਚਾਂ ਅਨਪੜ੍ਹਤਾ ਤੇ ਜਹਾਲਤ ਦੂਰ ਕਰਨ ਦੀ ਹੋਣੀ ਚਾਹੀਦੀ ਹੈ। ਇਹ ਵੱਡੀ ਭਾਰੀ ਮੁਹਿੰਮ ਤਾਂ ਹੀ ਸਰ ਹੋ ਸਕਦੀ ਹੈ, ਜੇ ਵਿਦਿਆ ਮਹਿਕਮਾ ਤੇ ਯੂਨੀਵਰਸਿਟੀ ਅਗਵਾਈ ਕਰਨ। ਛੁਟੀਆਂ ਵਿੱਚ ਪਿੰਡ ਪਿੰਡ ਕੈਂਪ ਲਾਏ ਜਾਣ। ♣ਪੇਂਡੂ ਸਕੂਲ ਵਿਦਿਆ ਪਰਚਾਰ ਦੇ ਸੈਂਟਰ ਬਣਾਏ ਜਾਣ। ਗੱਲ ਕੀ, ਸਭ ਕੁਝ ਹੋ ਸਕਦਾ ਹੈ, ਜੇ ਕਰਨ ਦਾ ਸ਼ੁਭ ਖਿਆਲ ਹੋਵੇ।

ਕੁੜੀਆਂ ਦੀ ਪੜ੍ਹਾਈ ਮੁੰਡਿਆਂ ਨਾਲੋਂ ਬਹੁਤ ਜ਼ਰੂਰੀ ਹੈ। ਇਕ ਕੁੜੀ ਨੂੰ ਪੜ੍ਹਾਉਣਾ ਇਕ ਟੱਬਰ ਨੂੰ ਪੜ੍ਹਾਉਣ ਦੇ ਬਰਾਬਰ ਹੈ। 75 ਫ਼ੀਸਦੀ ਪਿੰਡਾਂ ਦੀ ਜ਼ਿੰਦਗੀ ਜ਼ਨਾਨੀਆਂ ਦੇ ਹੱਥਾਂ ਵਿੱਚ ਹੁੰਦੀ ਹੈ। ਤੇ ਤੀਵੀਆਂ ਦੇ ਹੱਥ ਵਿੱਚ ਹੀ ਹਿੰਦੁਸਤਾਨ ਦਾ ਭਵਿੱਖ ਹੈ। ਸਿਆਣੀਆਂ ਮਾਵਾਂ ਹੀ ਸਿਆਣੇ ਬੱਚੇ ਪੈਦਾ ਕਰ ਸਕਦੀਆਂ ਹਨ। ਜੇ ਪੰਜਾਬ ਦੇ ਹਰ ਇਕ ਮਰਦ ਨੂੰ ਪੜ੍ਹਾਇਆ ਜਾਏ, ਮੇਰਾ ਖਿਆਲ ਹੈ ਤਾਂ ਵੀ ਸਾਡੀ ਜ਼ਿੰਦਗੀ ਚਿ ਕੋਈ ਲੰਮਾ ਫ਼ਰਕ ਨਹੀਂ ਪੈ ਸਕਦਾ। ਉਸ ਦੇ ਉਲਟ ਜੇ ਸਾਰੀਆਂ ਇਸਤਰੀਆਂ ਨੂੰ ਇਕ ਸਿਰਿਓਂ ਵਿਦਿਆ ਦਿੱਤੀ ਜਾਏ ਤਾਂ 90 ਫ਼ੀ ਸਦੀ ਪਿੰਡਾਂ ਦੀ ਹਾਲਤ ਬਦਲ ਸਕਦੀ ਹੈ। ਜਦੋਂ ਤਕ ਪਿੰਡਾਂ ਦੀ ਆਬਾਦੀ ਦੇ ਅੱਧੇ ਪਰ ਜ਼ਰੂਰੀ ਭਾਗ ਨੂੰ ਜੀਵਨ-ਜਾਚ ਨਹੀਂ ਸਿਖਾਈ ਜਾਂਦੀ, ਕਾਮਯਾਬੀ ਦੀ ਕੋਈ ਆਸ ਨਹੀਂ।

ਯੂਨੀਵਰਸਿਟੀ ਵਿੱਚ Rural Reconstruction (ਪਿੰਡ ਸੁਧਾਰ) ਇਕ ਕੋਰਸ ਹੋਣਾ ਚਾਹੀਦਾ ਹੈ। ਜਿਹੜਾ ਕਿ ਸਕੂਲਾਂ ਤੇ ਕਾਲਜਾਂ ਵਿੱਚ ਕੁੜੀਆਂ ਤੇ ਮੁੰਡਿਆਂ ਲਈ ਲਾਜ਼ਮੀ ਹੋਵੇ। ਅਲਜਬਰੇ ਤੇ ਜੁਮੈਟਰੀ ਨਾਲੋਂ ਯਕੀਨਨ ਬਹੁਤਾ ਫੈਦੇਮੰਦ ਸਾਬਤ ਹੋਵੇਗਾ।

ਆਮ ਸ਼ਕਾਇਤ ਹੈ ਕਿ ਪੜ੍ਹੇ-ਲਿਖੇ ਮੁੰਡੇ ਪਿੰਡਾਂ ਵਿੱਚ ਰਹਿਣਾ ਪਸੰਦ ਨਹੀਂ ਕਰਦੇ। ਉਨ੍ਹਾਂ ਗਰੀਬਾਂ ਦਾ ਕੀ ਕਸੂਰ ਹੈ। ਮੌਜੂਦਾ ਐਜੂਕੇਸ਼ਨ ਉਨ੍ਹਾਂ ਨੂੰ ਪਿੰਡਾਂ ਦੇ ਫਿਟ ਨਹੀਂ ਬਣਾਉਂਦੀ। ਜਿਨ੍ਹਾਂ ਨੌਜਵਾਨਾ ਨੂੰ ਕਲਾਸ ਤਕ ਨੋਟ ਬੁਕ ਚੁਕਣੀ ਭਾਰੀ ਹੋ ਜਾਂਦੀ ਹੈ, ਭਲਾ ਉਨ੍ਹਾਂ ਨੇ ਪਿੰਡਾਂ ਵਿੱਚ ਜਾ ਕੇ ਕਿਹੜਾ ਖੱਡਾ ਪੁਟਣਾ ਹੈ। ਸਾਡੀ ਪੜ੍ਹਾਈ ਸਾਨੂੰ ਅਸਲੀਅਤ ਤੋਂ ਕਿਤੇ ਦੂਰ ਲੈ ਜਾ ਰਹੀ ਹੈ। ਦੇਸ ਤੇ ਕੌਮ ਨੂੰ ਇਸ ਦਾ ਕੋਈ ਖ਼ਾਸ ਫ਼ੈਦਾ ਨਹੀਂ ਪੁਜ ਰਿਹਾ। ਉੱਚ ਵਿਦਿਆ ਪ੍ਰਾਪਤ ਕਰਨ ਲਈ ਦੋ ਚੌਂਹ ਕਾਲਜਾਂ ਤੋਂ ਛੁਟ ਬਾਕੀ ਸਭ ਬੇਰੁਜ਼ਗਾਰ ਨੋਜਵਾਨ ਪੈਦਾ ਕਰਨ ਵਾਲੀਆਂ ਫੈਕਟਰੀਆਂ ਬੰਦ ਕਰ ਦੇਣੀਆਂ ਚਾਹੀਦੀਆਂ ਹਨ। ਲੱਖਾਂ ਰੁਪਏ ਖ਼ਰਚ ਕਰ ਕੇ ਅਜ ਕਲ੍ਹ ਕਾਲਜ ਖੋਲਣਾ ਸਰਾਸਰ ਗ਼ਲਤੀ ਹੈ। ਇਸ ਤੋਂ ਥੋੜ੍ਹੀ ਰਕਮ ਨਾਲ ਸ਼ਾਨਦਾਰ Paying ਦਸਤਕਾਰੀ ਕਾਲਜ ਖੁਲ੍ਹ ਸਕਦੇ ਹਨ, ਜਿਸ ਨਾਲ ਬੇਗਿਣਤ ਹੋਣਹਾਰ ਨੌਜਵਾਨਾਂ ਦੀ ਰੋਟੀ ਦਾ ਸਵਾਲ ਪੂਰਾ ਕੀਤਾ ਜਾ ਸਕਦਾ ਹੈ।

ਮੈਟ੍ਰਿਕ ਤੇ ਬੀ. ਏ. ਦੇ ਵਿਦਿਆਰਥੀਆਂ ਲਈ ਯੂਨੀਵਰਸਿਟੀ ਦੇ ਇਮਤਿਹਾਨਾਂ ਪਿਛੋਂ ਕੁਝ ਮਹੀਨਿਆਂ ਦਾ ਇਕ ਲਾਜ਼ਮੀ Rural Course ਹੋਣਾ ਚਾਹੀਦਾ ਹੈ। ਤਾਂ ਜੋ ਸਟੂਡੈਂਟਸ ਪੇਂਡੂ ਭਰਾਵਾਂ ਦੇ ਨੇੜੇ ਹੋ ਕੇ ਉਨ੍ਹਾਂ ਦੀਆਂ ਮੁਸ਼ਕਲਾਂ ਤੋਂ

---

* ਵਿਦਿਆ ਤੋਂ ਮੇਰਾ ਭਾਵ ਅਜ ਕਲ੍ਹ ਦੀ ਬੇ-ਫੈਦਾ ਤੇ ਬੇ-ਅਰਥ ਪੜ੍ਹਾਈ ਤੋਂ ਹੈ।

♣ ਬਾਲਗਾਂ ਨੂੰ ਸਿਖਿਆ ਮਾਤ-ਭਾਸ਼ਾ ਵਿੱਚ ਦਿੱਤੀ ਜਾਏ। ਓਪਰੀ ਜ਼ਬਾਨ ਵਿੱਚ ਇਕ ਸਾਧਾਰਨ ਗੱਲ ਵੀ ਸਮਝਾਉਣੀ ਔਖੀ ਹੋ ਜਾਂਦੀ ਹੈ।

ਚੰਗੀ ਤਰ੍ਹਾਂ ਜਾਣੂ ਹੋ ਸਕਣ। ਇਸ ਤਰ੍ਹਾਂ ਉਨ੍ਹਾਂ ਦੀ ਹਮਦਰਦੀ ਜ਼ਿਮੀਂਦਾਰਾਂ ਨਾਲ ਵਧ ਸਕਦੀ ਹੈ। ਜੇ ਉਨ੍ਹਾਂ ਨੂੰ ਜ਼ਿੰਦਗੀ ਦੀ ਅਮਲੀ ਸੰਥਾ ਪਿੰਡਾਂ ਵਿੱਚ ਦਿੱਤੀ ਜਾਏ, ਤਾਂ ਪਿਛੋਂ ਉਹ ਪੇਂਡੂ ਜ਼ਿੰਦਗੀ ਤੋਂ ਘਬਰਾ ਕੇ ਸ਼ਹਿਰਾਂ ਵਲ ਨਹੀਂ ਨਸਣਗੇ।

ਤੇ ਜਿਸ ਵੇਲੇ ਪੜ੍ਹੇ-ਲਿਖੇ ਨੌਜਵਾਨਾਂ ਨੇ ਖੇਤੀ-ਬਾੜੀ ਦੇ ਕੰਮ ਵਿੱਚ ਹਿੱਸਾ ਲੈਣਾ ਸ਼ੁਰੂ ਕਰ ਦਿੱਤਾ, ਪੇਂਡੂ ਜੀਵਨ ਵਿੱਚ ਇਕ ਜ਼ਬਰਦਸਤ ਇਨਕਲਾਬ ਆ ਜਾਵੇਗਾ। ਜ਼ਿਮੀਂਦਾਰੀ ਤਾਂ ਫੇਰ ਸ਼ਾਹੀ ਤੇ ਬਾ-ਇੱਜ਼ਤ ਕੰਮ ਹੈ, ਮੈਂ ਕਹਿਨਾ, ਇਕ ਨੌਜਵਾਨ ਗ੍ਰੈਜੂਏਟ ਜੁੱਤੀਆਂ ਸੀਉਣ ਦੇ ਕੰਮ ਤੋਂ ਤਰੱਕੀ ਕਰ ਸਕਦਾ ਹੈ। ਉਸ ਦਾ ਦਿਮਾਗ਼ ਚਲਦਾ ਹੋਵੇਗਾ। ਉਹ ਆਪਣੇ ਗਾਹਕਾਂ ਨੂੰ ਖ਼ੁਸ਼ ਕਰਨ ਲਈ ਨਵੇਂ ਤੋਂ ਨਵੇ ਡੀਜ਼ਾਈਨ ਸੋਚੇਗਾ ਤੇ ਨਵੀਆਂ ਕਾਢਾਂ ਕਢੇਗਾ। ਵਕਤ ਬਚਾਉਣ ਲਈ ਮਸ਼ੀਨਰੀ ਤੋਂ ਕੰਮ ਲੈਣਾ ਸ਼ੁਰੂ ਕਰ ਦੇਵੇਗਾ। ਚੰਗੀ ਤੋਂ ਚੰਗੀ ਮੰਡੀ ਵਿੱਚ ਆਪਣਾ ਮਾਲ ਭੇਜੇਗਾ। ਇਥੋਂ ਤਕ ਕਿ ਪੰਜਾਂ ਸੱਤਾਂ ਸਾਲਾਂ ਅੰਦਰ ਉਹ ਇਕ ਵੱਡੀ ਭਾਰੀ ਸ਼ੂ-ਫੈਕਟਰੀ ਦਾ ਮਾਲਕ ਬਣ ਜਾਵੇਗਾ। ਪਰ ਇਕ ਚਮਿਆਰ ਸਾਰੀ ਉਮਰ ਜੁੱਤੀਆਂ ਸੀਉਂ ਕੇ ਪਿਉ ਤੋਂ ਇਕ ਪੈਰ ਅਗੇ ਨਹੀਂ ਵਧਦਾ। ਪਿਛੇ ਜਿਹੇ ਲਾਹੌਰ ਵਿੱਚ ਇਕ ਬੀ. ਏ. ਮੁੰਡਾ ਬੂਟ ਪਾਲਸ਼ ਕਰਦਾ ਫਿਰਦਾ ਸੀ। ਲੋਕਾਂ ਨੂੰ ਇਹ ਅਜੂਬਾ ਜਾਪਦਾ ਸੀ। ਪਰ ਜੇ ਹਜ਼ਾਰਾਂ ਗ੍ਰੈਜੂਏਟ ਦਰ ਦਰ ਟੱਕਰਾਂ ਮਾਰਨ ਦੀ ਥਾਂ ਛੋਟੇ ਛੋਟੇ ਕੰਮ ਂਵਿਚ ਜਿਨ੍ਹਾਂ ਤੋਂ ਨਫ਼ਰਤ ਕਰਦੇ ਹਨ, ਲਗ ਜਾਣ, ਤਾਂ ਕਿਸੇ ਨੂੰ ਕੋਈ ਅਚੰਭਾ ਨਹੀਂ ਜਾਪੇਗਾ। ਪੇਂਡੂ ਇਤਿਹਾਸ ਦਾ ਉਹ ਸੁਨਿਹਰੀ ਦਿਨ ਹੋਵੇਗਾ, ਜਦੋਂ ਆਮ ਗ੍ਰੈਜੂਏਟ ਪਿੰਡਾਂ ਵਿੱਚ ਜ਼ਿਮੀਂਦਾਰਾਂ ਨੂੰ ਜ਼ਿੰਦਗੀ ਦਾ ਅਮਲੀ ਸਬਕ ਸਿਖਾਉਂਦੇ ਹੋਣਗੇ। ਮਾਪਿਆਂ ਨੂੰ ਹੁਣ ਆਪਣੇ ਬੱਚੇ ਨਿਰੇ ਨੌਕਰੀਆਂ ਦੇ ਖ਼ਿਆਲ ਨਾਲ ਨਹੀਂ, ਸਗੋਂ ਚੰਗੇ ਸ਼ਹਿਰੀ ਬਣਾਉਣ ਲਈ ਪੜ੍ਹਾਉਣੇ ਚਾਹੀਦੇ ਹਨ।

ਲਾਹੌਰ ਤੋਂ ਹੀ ਰੇਡੀਓ ਰਾਹੀਂ ਸਾਰੇ ਪੰਜਾਬ ਦੇ ਪਿੰਡਾਂ ਤਕ ਨਵੀਂ ਜ਼ਿੰਦਗੀ ਦਾ ਸੁਨੇਹਾ ਉਨ੍ਹਾਂ ਦੀ ਆਪਣੀ ਬੋਲੀ ਵਿੱਚ ਪੁਚਾਇਆ ਜਾ ਸਕਦਾ ਹੈ। ਪਿੰਡ ਪਿੰਡ ਰੇਡੀਓ ਲਾਏ ਜਾਣ। ਰੇਡੀਓ ਹੁਣ ਵਾਂਗ ਨਿਰਾ ਅਮੀਰਾਂ ਦਾ ਦਿਲ-ਪਰਚਾਵਾ ਨਾ ਰਹੇ। ਇਸ ਤੋਂ ਜਾਪਾ ਜਿਹੇ ਮੁਲਕ ਵਾਂਗ ਅਮਲੀ ਤੇ ਠੋਸ ਸੇਵਾ ਲਈ ਜਾਵੇ। ਪਿੰਡਾਂ ਦੇ ਘੂਕ ਸੁੱਤੇ ਲੋਕਾਂ ਦੇ ਕੰਨਾਂ ਵਿੱਚ ਇਸ ਦੀ ਦਿਨ ਰਾਤ ਆਵਾਜ਼ ਗੂੰਜੇ।

ਪਿੰਡਾਂ ਵਿੱਚ ਮੁਰੱਬਾ-ਬੰਦੀ ਏਨੀ ਜ਼ਰੂਰੀ ਹੈ, ਜਿੰਨਾਂ ਪਿੰਡਾਂ ਵਿੱਚ ਸੁਧਾਰ। ਸਾਰੇ ਪੰਜਾਬ ਵਿੱਚ ਇਹ ਹੁਕਮਨ ਕਰਾਈ ਜਾਣੀ ਚਾਹੀਦੀ ਹੈ। ਜ਼ਿਮੀਂਦਾਰਾਂ ਦੀ ਦਰਖਾਸਤਾਂ ਉਡੀਕਣ ਵਾਲਾ ਵੇਲਾ ਲੰਘ ਗਿਆ ਹੈ।

ਸੁਧਾਰ ਦੇ ਕੰਮ ਨੂੰ ਜਾਰੀ ਰਖਣ ਲਈ ਹਰ ਇਕ ਪਿੰਡ ਵਿੱਚ ਪੰਚਾਇਤ ਦਾ ਹੋਣਾ ਅੱਤ ਜ਼ਰੂਰੀ ਹੈ। ਪੰਜਾਬ ਅਸੈਂਬਲੀ ਵਿੱਚ ਪੰਚਾਇਤ ਬਿਲ ਪੇਸ਼ ਹੈ। ਐਨੀ ਛੇਤੀ ਉਸ ਬਾਬਤ ਕੁਝ ਕਹਿਣਾ ਠੀਕ ਨਹੀਂ। ਪਰ ਚੰਗਾ ਹੁੰਦਾ, ਜੇ ਪੰਚਾਇਤ ਬਿਲ ਤੋਂ ਪਹਿਲਾਂ ਪਿੰਡਾਂ ਵਿੱਚ Mass Education ਦਾ ਬਿਲ ਪਾਸ ਹੋ ਜਾਂਦਾ। ਅਲ੍ਹੜ ਜ਼ਿਮੀਂਦਾਰ ਇਸ ਬਿਲ ਦਾ ਪੂਰਾ ਫਾਇਦਾ ਨਹੀਂ ਉਠਾ ਸਕਣਗੇ। ਗੌਰਮੈਂਟ ਇਸ ਗੱਲ ਦਾ ਖ਼ਾਸ ਧਿਆਨਰਖ ਕਿ ਗੈਰ ਜ਼ੁੰਮੇਵਾਰ ਚੌਧਰੀਆਂ ਦੇ ਹੱਥਾਂ ਵਿੱਚ ਤਾਕਤ ਨਾ ਜਾਏ।

ਜ਼ਿਮੀਂਦਾਰ ਦੀ ਪੂਰੀ ਦਰਦ-ਕਹਾਣੀ ਮੈਂ ਅਜ ਦਸ ਦੇਣੀ ਚਾਹੁੰਦਾ ਸਾਂ। ਦਿਲ ਭਰਿਆ ਪਿਆ ਸੀ। ਉਸਦਾ ਕੋਈ ਦੁਖ ਐਸਾ ਨਹੀਂ, ਜੇਹੜਾ ਮੈਂ ਨਾ ਅਨੁਭਵ ਕੀਤਾ ਹੋਵੇ, ਕੋਈ ਪੀੜ ਅਜੇਹੀ ਨਹੀਂ, ਜਿਹੜੀ ਮੇਰੇ ਦਿਲ ਵਿੱਚ ਨਾ ਉਠੀ ਹੋਵੇ। ਉਹ ਪੋਹ ਮਾਘ ਦੀਆਂ ਰਾਤਾਂ ਨੂੰ ਨੰਗੇ ਪੈਰੀਂ ਤੇ ਪਾਟੇ ਪੁਰਾਣੇ ਕਪੜਿਆਂ ਵਿੱਚ ਪਾਣੀ ਲਾਉਂਦਾ ਹੈ; ਮੈਂ ਉਦੋਂ ਰਜ਼ਾਹੀ ਵਿੱਚ ਪਿਆ ਹੀ ਕੰਬਦਾ ਹਾਂ। ਆਪ ਇਕ ਗ਼ਰੀਬ ਜ਼ਿਮੀਂਦਾਰ ਦਾ ਲੜਕਾ ਹੋਣ ਕਰਕੇ, ਉਸਦੀ ਸਾਰੀ ਹਡ-ਬੀਤੀ ਤੋਂ ਚੰਗੀ ਤਰ੍ਹਾਂ ਜਾਣੂ ਹਾਂ। ਮੈਂ ਉਸ ਦਾ ਦਰਦ ਵੰਡਾਉਦ ਲਈ ਪੈਦਾ ਹੋਇਆ ਹਾਂ, ਤੇ ਉਸ ਨੂੰ ਖਸ਼ੀ ਤੇ ਖ਼ੁਸ਼ਹਾਲ ਦੇਖਣ ਲਈ ਜੀਵਾਂਗਾ।

ਅੰਮ੍ਰਿਤਸਰ, 1939 ਹਰਚਰਨ ਸਿੰਘ

# ਨਾਟਕ ਦੇ ਪਾਤਰ

| ਮਰਦ | ਤੀਵੀਆਂ |
|---|---|
| ਮਨਮੋਹਨ | ਜਸੋਧਾਂ |
| ਸੂਬੇਦਾਰ | ਹਰ ਕੌਰ |
| ਵਰਿਆਮ ਸਿੰਘ | ਇੰਦਰ ਦੇਵੀ |
| ਗੰਡਾ | ਤਾਰੋ |
| ਉਮਰਦੀਨ | ਤੇਜੋ |
| ਬਾਬਾ ਜੱਸਾ | ਪ੍ਰੀਤੋ |
| ਮੁਬਾਰਕਸ਼ਾਹ | ਚੰਨੋ |
| ਚੌਧਰੀ ਮੰਧਾਂ | ਨਿਆਮਤੋ |
| ਰਾਮਾ, ਬੰਤਾ, ਬਿਸ਼ਨਾ | ਜੰਨਤੋ |
| ਪਿਆਰਾ ਤੇ ਸਰਦਾਰਾ | ਪਾਸ਼ੋ |
| ਪਟਵਾਰੀ, ਨੰਬਰਦਾਰ | ਪਿੰਡ ਦੀਆਂ ਹੋਰ ਕੁੜੀਆਂ |
| ਪਿੰਡ ਦੇ ਲੋਕ ਆਦਿ | ਜ਼ਨਾਨੀਆਂ ਆਦਿ |

# ਦੂਰ ਦੁਰਾਡੇ ਸ਼ਹਿਰੋਂ

## ਪਹਿਲਾ ਐਕਟ — ਪਹਿਲੀ ਝਾਕੀ

### *ਪੁਰਾਣਾ ਪਿੰਡ

ਇਕ ਸਦੀਆਂ ਦਾ ਪੁਰਾਣਾ ਪਿੰਡ ਹੈ, ਜਿਸ ਵਿੱਚ ਜਹਾਲਤ, ਗਰੀਬੀ, ਰਸਮਾਂ, ਵਹਿਮਾਂ ਤੇ ਭਰਮਾਂ ਦਾ ਪੂਰਨ ਰਾਜ ਹੈ। ਉਸ ਦੀਆਂ ਗਲੀਆਂ ਕੱਚੀਆਂ, ਸੌੜੀਆਂ ਤੇ ਅੱਤ ਗੰਦੀਆਂ ਹਨ। ਘਰ-ਨੀਵੇਂ, ਬੰਦ ਤੇ ਬਿਲਕੁਲ ਲਾਗੋ-ਲਾਗੀ ਹਨ। ਬਹੁਤ ਸਾਰੇ ਮਕਾਨਾਂ ਦੀਆਂ ਕੰਧਾਂ ਤਾਂ ਸਾਂਝੀਆਂ ਹੀ ਹਨ। ਕਿਸੇ ਕਿਸੇ ਜ਼ਿਮੀਂਦਾਰ ਦਾ ਡੰਗਰਾਂ ਵਾਲਾ ਕੋਠਾ ਵੱਖਰਾ ਹੈ, ਨਹੀਂ ਤਾਂ ਆਮ ਲੋਕੀਂ ਘਰ ਦੇ ਇਕ ਪਾਸੇ ਪਸੂ ਆਦਿ ਬੰਨ੍ਹਦੇ ਹਨ ਤੇ ਦੂਜੇ ਪਾਸੇ ਵਸਦੇ ਰਸਦੇ ਤੇ ਰੋਟੀ-ਟੁੱਕ ਪਕਾਉਂਦੇ ਹਨ। ਪਿੰਡ ਵਿੱਚ ਥਾਂ ਥਾਂ ਗੰਦ ਤੇ ਰੂੜੀਆਂ ਦੇ ਢੇਰ ਲੱਗੇ ਹੋਏ ਹਨ। ਦਰਜਨਾਂ ਢੱਠੇ ਹੋਏ ਮਕਾਨ ਖੋਲੇ ਬਣੇ ਪਏ  ਹਨ। ਉਨ੍ਹਾਂ ਵਿੱਚ ਆਂਢਣਾਂ ਗੁਆਂਢਣਾਂ ਨੇ ਗੰਦ-ਮੰਚ ਦੇ ਢੇਰ ਲਾਏ ਹੋਏ ਹਨ। ਇਕ ਅਣਛੱਡਿਆ ਹਇਆ ਖੂਹ ਹੈ, ਜਿਸ ਦੇ ਆਲੇ-ਦੁਆਲੇ ਬੜਾ ਚਿੱਕੜ ਤੇ ਗੰਦਾ ਪਾਣੀ ਖੜਾ ਹੈ। ਪਸ਼ੂਆਂ ਦੇ ਪਾਣੀ ਪੀਣ ਲਈ ਤੇ ਆਦਮੀਆਂ ਦੇ ਨ੍ਹਾਉਣ-ਧੋਣ ਲਈ ਪਿੰਡ ਦੇ ਵਿਚਕਾਰ ਇਕ ਸਾਂਝਾਂ ਛੱਪੜ ਹੈ, ਜਿਸ ਵਿੱਚ ਬਾਰਾਂ ਮਹੀਨੇ ਮਹਿਹੂ ਤਰਦੇ, ਨਿਆਣੇ ਡੁਬਦੇ ਤੇ ਮੱਛਰ ਪਲਦੇ ਰਹਿੰਦੇ ਹਨ।

ਪਿੰਡ ਦੇ ਬਾਹਰ-ਵਾਰ ਇਕਹਿਰੀ ਛੱਤ ਦਾ ਇਕ ਉੱਚਾ, ਹਵਾਦਾਰ ਤੇ ਸੱਜਰਾ ਬਣਿਆ ਮਕਾਨ ਹੈ। ਇਹ ਪੁਰਾਣੇ ਪਿੰਡ ਵਿੱਚਂ ਇਸ ਤਰ੍ਹਾਂ ਦਿੱਸ ਰਿਹਾ ਹੈ ਜਿਸ ਤਰ੍ਹਾਂ (ਜਹਾਲਤ ਦੇ) ਘੁਪ ਹਨੇਰੇ ਵਿੱਚ ਇਕ ਲਟ ਲਟ ਕਰਦਾ ਦੀਵਾ। ਉਸ ਦੇ ਦੋਹੀਂ ਪਾਸੀਂ ਦੋ ਕੋਠੜੀਆਂ ਤੇ ਉਨ੍ਹਾਂ ਦੇ ਵਿਚਕਾਰ ਹਟਵਾਂ ਹਾਲ ਕਮਰਾ ਹੈ। ਕੋਠੀ ਦੇ ਆਲੇ ਦੁਆਲੇ ਹਰਾ ਹਰਾ ਘਾ ਤੇ ਛੋਟੇ ਛੋਟੇ ਬੂਟੇ ਹਨ। ਇਸ਼ਕ-ਪੇਚੇ ਵੀ ਵੇਲ ਅਜੇ ਬਿਲਕੁਲ ਨਿੱਕੀ ਜਿਹੀ ਹੈ। ਬੂਹੇ ਦ ਉੱਤੇ ਮੋਟੇ ਅੱਖਰਾਂ ਵਿੱਚ "ਸਭ ਤੋਂ ਉੱਚਾਧਰਮ ਦੇਸ਼ ਦੀ ਸੇਵਾ ਹੈ" ਉਕਰਿਆ ਹੋਇਆ ਹੈ।

ਹਾਲ ਕਮਰੇ ਵਿੱਚ ਇਕ ਕੁਰਸੀ ਤੇ ਬਾਈ ਤੇਈ  ਵਰ੍ਹੇ ਦਾ ਇਕ ਨੌਜਵਾਨ (ਮਨਮੋਹਨ) ਕਿਤਾਬ ਖੋਲ੍ਹੀ ਬੈਠਾ ਹੈ। ਉਸ ਦੇ ਕਪੜੇ ਬੜੇ ਸਾਫ, ਪਰ ਸਾਦੇ ਹਨ। ਚਿਹਰੇ ਤੇ ਗੰਭੀਰਤਾ ਤੇ ਦ੍ਰਿੜ੍ਹਤਾ ਦੇ ਚਿੰਨ੍ਹ ਹਨ। ਉਸ ਦੇ ਕੋਲ ਰੰਗੀਨ ਪੀੜ੍ਹੀ ਤੇ ਉਸ ਦੀ ਮਾਂ ਇੰਦਰ ਦੇਈ ਬੈਠੀ ਹੈ। ਉਸਦਾ ਚਿਹਰਾ ਨਿਰਾਸ ਤੇ ਚਿੰਤਾਤੁਰ ਹੈ। ਮਨਮੋਹਨ ਨੇ ਭਾਵੇਂ ਕਿਤਾਬ ਖੋਲ੍ਹੀ ਹੋਈ ਹੈ, ਪਰ ਉਸ ਦਾ ਧਿਆਨ ਇੰਦਰ ਦੇਈ ਦੀਆਂ ਗੱਲਾਂ ਵੱਲ ਹੈ:-

---

* ਡਰਾਮੇ ਦੇ ਪ੍ਰਬੰਧਕ ਪੁਰਾਣ ਪਿੰਡ ਦੇ ਸਮੁੱਚੇ ਦ੍ਰਿਸ਼ ਦਾ ਇਕ ਵਖਰਾ ਪੜਦਾ ਚਿਤ੍ਰਵਾ ਕੇ ਆਪਣੀ ਔਕੜ ਦੂਰ ਕਰ ਸਕਦੇ ਹਨ।

ਮਨਮੋਹਨ – (ਕਿਤਾਬ ਬੰਦ ਕਰ ਕੇ) ਮਾਂ ਜੀ, ਤੁਸੀਂ ਕਿਉਂ ਸਿਰ ਖਪਾਉਂਦੇ ਓ। ਮੈਂਛੁਹਾਨੂੰ ਸਾਫ ਦਸ ਦਿੱਤਾ ਏ, ਮੇਰੇ ਸੀਨੇ ਅੰਦਰ ਕੋਈ ਖਿੱਚ ਏ, ਜੇਹੜੀ ਮੈਨੂੰ ਪੇਂਡੂ ਭਰਾਵਾਂ ਵਲ ਖਿੱਚ ਰਹੀ ਏ। ਪਿੰਡਾਂ ਵਿੱਚ ਰਹਿ ਕੇ ਉਨ੍ਹਾਂ ਦੀ ਸੇਵਾ ਕਰਨਾ, ਮੇਰਾ ਜੀਵਨ-ਮਨੋਰਥ ਏ। ਉਨ੍ਹਾਂ ਨੂੰ ਖ਼ੁਸ਼ੀ ਤੇ ਖ਼ੁਸ਼ਹਾਲ ਦੇਖਣਾ ਮੇਰੇ ਸੁਫਨੇ ਨੇ। (ਕਿਤਾਬ ਦੇ ਵਰਕੇ ਉਥੱਲਦਾ ਹੋਇਆ) ਜੇ ਭਾਈਏ ਹੋਰੀ ਮੇਰੇ ਕੰਮ ਤੇ ਨਰਾਜ਼ ਨ, ਤਾਂ ਮੇਰਾ ਖ਼ਿਆਲ ਏ, ਉਹ ਗ਼ਲਤੀ ਕਰਦੇ ਨੇ।

ਇੰਦਰ ਦੇਈ – ਦੇਈ-ਵੇ ਕਾਕਾ, ਕੀ ਹੋ ਗਿਆ ਏ ਤੇਰੀ ਅਕਲ ਨੂੰ? ਜੇ ਕੋਈ ਤੇਰੇ ਭਲੇ ਦੀ ਗੱਲ ਕਰਦੈ, ਤੂੰ ਉਸ ਨੂੰ ਉਲਟੀ ਸਮਝਦੈਂ।

ਮਨ – ਜੇ ਸੱਚ ਮੁੱਚ ਹੀ ਉਹ ਮੇਰਾ ਭਲਾ ਚਾਹੁੰਦੇ ਨੇ ਤਾਂ ਭਲਾਈ ਇਸੇ ਵਿੱਚ ਏ ਕਿ ਜੋ ਕੁਝ ਮੈਂ ਕਰਨਾ ਚਾਹੁੰਨਾ, ਉਹ ਮੈਨੂੰ ਖੁੱਲ੍ਹੇ ਦਿਲ ਕਰਨ ਦੇਣ। ਆਪ ਵੀ ਸੁਖੀ ਰਹਿਣ ਤੇ ਮੈਨੂੰ ਵੀ ਖ਼ੁਸ਼ੀ ਰੱਖਣ।

ਇੰਦਰ : ਇਹ ਦਸ, ਜੇ ਧੀਆਂ ਪੁਤ ਪੁੱਠੇ ਰਾਹ ਪਏ ਹੋਣ, ਤਾਂ ਮਾਂ ਦਾ ਫਰਜ਼ ਨਹੀਂ ਉਨ੍ਹਾਂ ਨੂੰ ਸਿੱਧੇ ਰਾਹ ਪਾਉਣ? (ਪੀੜ੍ਹੀ ਸਰਕਾ ਮਨ-ਮੋਹਨ ਕੋਲ ਹੋ ਕੇ) ਵੇ ਕਾਕਾ, ਤੂੰ ਏਹ ਨਹੀਂ ਸੋਚਦਾ, ਪਈ ਉਹ ਤਾਂ ਆਪਣੀ ਉਮਰ ਪੁਗਾ ਬੈਠੇ ਨੇ, ਉਨ੍ਹਾਂ ਕੋਈ ਮੁੜ ਕੇ ਦਖਣ ਆਉਣੈ, ਕੋਈ ਮਰੇ ਕੋਈ ਜੀਵੇ। ਆਪ ਮੇ ਜਗ ਪਰਲੋ। (ਅੱਖਾਂ ਤੇ ਪੱਲਾ ਫੇਰ ਕੇ) ਸਾਡੀ ਤਾਂ ਵਿਹਲੀ ਮੋਹ ਮਮਤਾ ਏ, ਪਈ ਸਾਡੇ ਧੀਆਂ ਪੁਤਰ ਸੁਖੀ ਰਹਿਣ, ਚੰਗੇ ਕੰਮ ਕਰਨ ਤੇ ਪਿਉ ਦਾਦੇ ਦਾ ਨਾਂ ਬਨਿਆ ਰਹੇ।

ਮਨ – (ਦ੍ਰਿੜ੍ਹ ਕਰਾਉਣ ਦੇ ਲਹਿਜ਼ੇ ਵਿੱਚ) ਮੈਂ ਸਮਝਦਾ ਹਾਂ ਸਭ ਕੁਝ, ਮਾਤਾ ਜੀ। ਪਰ ਤੁਸੀਂ ਵੀ ਸਿਆਣੇ ਬਿਆਣੇ ਓ, ਸੋਚੋ, ਪਈ ਮੈਂ ਜੁ ਚੌਦਾਂ ਪੰਦਰਾਂ ਸਾਲ ਸਿਰ ਖਪਾਈ ਕੀਤੀ ਏ, ਕੀ ਚੰਗੇ ਮੰਦੇ ਕੰਮ ਦੀ ਪਛਾਣ ਜੋਗਾ ਵੀ ਨਹੀਂ ਹੋਇਆ ਹੋਵਾਂਗਾ?

ਇੰਦਰ – ਵੇ ਬੀਬਾ, ਤੂੰ ਸਾਨੂੰ ਜੰਮਿਆ ਕਿ ਅਸੀਂ ਤੈਨੂੰ ਜੰਮਿਆਂ। ਤੂੰ ਜਿਨਾਂ ਮਰਜੀ ਏ ਪੜ੍ਹ ਲੈ ਖਾਂ ਤੇਰੀ ਅਕਲ ਵੱਡੇ ਵਡੇਰਿਆ ਨਾਲ ਰਲ ਗਈ?

ਮਨ – ਤੇ ਸਮਝਦਾ ਜਿਹੜੇ ਵੱਡੇ ਵਡੇਰੇ ਆਪਣੇ ਸਿਆਣੇ ਧੀਆਂ ਪੁੱਤਾਂ ਨੂੰ ਰਾਹੋਂ ਕੁਰਾਹੇ ਪਾਉਂਦੇ ਨੇ, ਉਹ ਆਪਣ ਬੱਚਿਆਂ ਤੇ ਜ਼ੁਲਮ ਕਰਦੇ ਨੇ।

ਇਦਰ – (ਪੱਟ ਤੇ ਹੱਥ ਮਾਰ ਕ) ਹਾਇਆ, ਲੋਹੜਾ ਪੈ ਜਾਏ, ਧੀਆਂ ਪੁੱਤਾਂ ਨੂੰ ਸਿੱਖ ਤਤ ਦੇਣੀ ਵੀ ਜ਼ੁਲਮ ਹੋ ਗਿਆ ?

ਮਨ – (ਹੈਰਾਨੀ ਘਟਾਉਣ ਲਈ) ਪਰ ਮਾਤਾ ਜੀ, ਉਹ ਜਾਣ ਬੁਝ ਕੇ ਨਹੀਂ ਕਰਦੇ।

ਇੰਦਰ – ਵੇ ਪੁੱਤਰਾ, ਤੂੰ ਕਿੱਥੇ ਭੁਲਿਆ ਫਿਰਦਾ ਏਂ। ਮਾਪੇ ਆਪਣੇ ਬੱਚਿਆਂ ਦਾ ਬਰਾ ਨਹੀਂ ਤੱਕ ਸਕਦੇ। ਪੁਤ ਕਪੁੱਤ ਹੋ ਜਾਂਦੇ ਨੇ ਪਰ ਮਾਪੇ ਕੁਮਾਪੇ ਨਹੀਂ ਹੁੰਦੇ।

ਮਨ – ਮਾਂ ਜੀ, ਅਸੀਂ ਕਈ ਕੰਮ ਆਪਣੇ ਵਲੋਂ ਭਲੇਦੀ ਖਾਤਰ ਕਰਦੇ ਆਂ, ਪਰ ਦੂਜਿਆਂ ਲਈ ਉਹ ਭੈੜੇ ਸਾਬਤ ਹੁੰਦੇ ਨੇ। ਇਕ ਦੀ ਖ਼ੁਰਾਕ ਦੂਜੇ ਲਈ ਜ਼ਹਿਰ ਵੀ ਹੋ ਸਕਦੀ ਏ ਤ ਨਾਲੇ ਜੋ ਪੁੱਤਰ ਵਿਗੜ ਜਾਂਦੇ ਨੇ, ਉਨ੍ਹਾਂ ਦੇ ਜ਼ਿੰਮੇਵਾਰ ਵੀ ਤਾਂ ਮਾਪੇ ਹੁੰਦੇ ਨੇ।

ਇੰਦਰ – (ਗੁੱਸੇ ਨਾਲ) ਆਹੋ, ਅਸੀਂ ਤਾਂ ਆਪੇ ਮਾੜੇ ਹੋਏ, ਜਿਨ੍ਹਾਂ ਸਿਰ ਚੜ੍ਹਾ ਕੇ ਪਾਲਿਆ, ਪੋਸਿਆ, ਪੜ੍ਹਾਇਆ ਲਿਖਾਇਆ .....

ਮਨ – ਮੇਰੀ ਗੱਲ ਤੇ ਸੁਣੋ।

ਇੰਦਰ – ਅਜੇ ਤਾਂ ਪੋਟਿਆਂ ’ਚੋਂ ਮੈਲਾ ਵੀ ਨਹੀਂ ਨਿਕਲਿਆ, ਹੁਣੇ ਖਰ ਖੋਟੇ ਲਗ ਪਿਆ ਏਂ ਪਰਖਣ। ਵੱਡ-ਅਕਲਾ, ਪਿੱਛੋਂ ਜੰਮ ਕੇ ਸਾਨੂੰ ਅਕਲਾਂ ਦੇਣ ਲਗੈਂ।

ਮਨ – (ਮੁਸਕਰਾਉਂਦਾ ਹੋਇਆ) ਪਿੱਛੋਂ ਅੱਗੇ ਦਾ ਸਵਾਲ ਨਹੀਂ, ਮਾਤਾ ਜੀ, ਜਿਸ ਜ਼ਮਾਨੇ ’ਚ ਤੁਸੀਂ ਜੰਮੇ ਪਲੇ ਓ, ਉਹ ਜ਼ਮਾਨਾ ਨਹੀਂ ਰਿਹਾ। ਏਹ ਵੀਹਵੀਂ ਸਦੀ ਏ। ਹੁਣ ਦੀ ਦੁਨੀਆਂ ਪਿਛਲੀ ਨਾਲੋਂ ਬਿਲਕੁਲ ਅਡਰੀ ਏ।

ਇੰਦਰ – ਬਸ ਇਕ ਤੂੰ ਹੀ ਚਤਰ ਜਮ ਪਿਆ, ਹੋਰ ਤਾਂ ਸਭ ਮੂਰਖ ਬਣ ਗਏ। (ਗੁੱਸੇ ਨਾਲ ਮੂੰਹ ਦੂਜੇ ਪਾਸੇ ਫੇਰ ਕੇ) ਬੱਚਾ ਤੇਰੇ ਵੱਸ ਦੀ ਗੱਲ ਨਹੀਂ, ਜਮਾਨੇ ਨੂੰ ਹੀ ਅੱਗ ਲੱਗੀ ਹੋਈ ਏ। ਪੜ੍ਹ ਲਿਖ ਕੇ ਖੌਰੇ ਇਨ੍ਹਾਂ ਦੀ ਮੱਤ ਨੂੰ ਕੀ ਹੋ ਜਾਂਦਾ ਏ।

ਮਨ– ਨਹੀਂ ਸਗੋਂ, ਮਾਤਾ ਜੀ, ਪੜ੍ਹ ਲਿਖ ਕੇ ਜ਼ਮਾਨੇ ਨਾਲ ਚਲਣਾ ਸਿਖ ਜਾਂਦੇ ਨੇ। ਅਨਪੜ੍ਹ ਆਦਮੀ ਜਹੜੇ ਸਮੇਂ ਤੋਂ ਸਦੀਆਂ ਪਿੱਛੇ ਨੇ, ਭਲਾ ਉਨ੍ਹਾਂ ਨੂੰ ਨੋਜਵਾਨਾ ਦੀਆਂ ਹਰਕਤਾਂ ਕਿਵੇਂ ਚੰਗੀਆਂ ਲੱਗਣ। ਮਾਂ ਜੀ, ਖਿਆਲ ਸਦਾ ਬਦਲਦੇ ਰਹਿੰਦੇ ਨੇ। ਜ਼ਮਾਨੇ ਦੀ ਚਾਲ ਨੂੰ ਕੋਈ ਰੋਕ ਨਹੀਂ ਸਕਦਾ। ਸਾਡੇ ਤੁਹਾਡੇ ਖਿਝਣ ਖਪਣ ਨਾਲ ਕੋਈ ਫ਼ਰਕ ਨਹੀਂ ਪੈਣਾ। ਜੇ ਫਰਜ਼ ਕੀਤਾ ਤੁਸੀਂ ਸਾਡੀ ਥਾਂ ਹੁੰਦੇ ਤਾਂ ਤੁਸੀਂ ਵੀ ਉਹੋ ਕੁਝ ਕਰਨਾ ਸੀ, ਜੋ ਕੁਝ ਅਸੀਂ ਕਰਦੇ ਪਏ ਆਂ।

ਇੰਦਰ – (ਗੁੱਸੇ ਨਾਲ) ਬਹੁਤੀਆਂ ਗੱਲਾਂ ਨਾ ਬਣਾਇਆ ਕਰ। ਸਾਨੂੰ ਨਹੀਂ ਤੇਰੇ ਲਕਚਰ ਚੰਗੇ ਲਗਦੇ। ਲੋਕਾਂ ਦੇ ਵੀ ਪੁੱਤਰ ਧੀਆਂ ਨੇ, ਤੂੰ ਕੋਈ ਅਲੋਕਾਰ ਨਹੀਂ (ਹਿਰਖ ਨਾਲ) ਬੰਦਾ ਕੰਮ ਉਹ ਕਰੇ ਜੇਹੜਾ ਸਭ ਨੂੰ ਚੰਗਾ ਲੱਗੇ, ਜਿਸ ਨਾਲ ਸਾਰੇ ਸੋਭਾ ਹੋਵੇ ਐਵੇਂ ਸਿਆਣੇ ਆਂਹਦੇ ਨੇ ‘ਖਾਈਏ ਮਨ ਭੋਂਦਾ, ਹੰਢਾਈਏ ਜੱਗ ਭਾਉਂਦਾ’।

ਮਨ – (ਹਸਦਾ ਹੋਇਆ) ਮਾਤਾ ਜੀ, ਏਹ ਪੱਟੀ ਤਾਂ ਬਹੁਤ ਹੀ ਪੁਰਾਣੀ ਹੋ ਗਈ ਏ। ਵੱਡੇ ਵਡੇਰਿਆਂ ਦੀਆਂ ਲੀਹਾਂ ਤੇ ਤੁਰਨਾ ਅਜ ਕਲ੍ਹ ਗੁਣ ਨਹੀਂ ਰਿਹਾ। ਤੁਸੀਂ ਸ਼ਾਇਦ ਸੁਣੇ ਨਹੀਂ ਹੋਣੇ, ਹੁਣ ਤੇ ਅਖਾਣ ਵੀ ਬਦਲ ਗਏ ਨੇ। ਅਖੇ ‘ਉਥੇ ਜਾਈਂ ਭਲਿਆ, ਜਿੱਥੇ ਪਿਉ ਦਾਦਾ ਕਦੇ ਨਾ ਚਲਿਆ’। ਲੋਕੀਂ ਬੜੇ ਸਿਆਣੇ ਹੋ ਗਏ ਨੇ।

ਇੰਦਰ – ਸੁਆਹ ਸਿਆਦੇ ਹੋ ਗਏ ਨੇ। ਨਾਲੇ ਤੂੰ ਵੀ ਆਪਣ ਆਪ ਨੂੰ ਸਿਆਣਿਆਂ ’ਚ ਗਿਣਦਾ ਹੋਣਾ।

ਮਨ – (ਹਸਦਾ ਹੋਇਆ) ਮੇਰੀ ਤਾਂ ਤੁੀਂ ਗੱਲ ਈਨਾ ਕਰੋ। ਮੈਂ ਤਾਂ ਨਾ ਤਿੰਨ ’ਚ, ਨਾ ਤੇਰ੍ਹਾਂ ’ਚ, ਪਰ ਮਾਂ ਜੀ, ਇਹ ਗੱਲ ਮੈਂ ਬੜੀ ਚੰਗੀ ਤਰ੍ਹਾਂ ਜਾਣਨਾਂ ਕਿ ਦੁਨੀਆਂ ਉਦੋਂ ਹੀ ਤਰੱਕੀ ਕਰਦੀ ਏ, ਜਦੋਂ ਨਵੀਆਂ ਉਲਾਦਾਂ ਨਵੇਂ ਤੇ ਸੁਤੰਤਰ ਕੰਮ ਕਰਨ। ਜੇਹੜੇ ਸਾਡੇ ਨਾਲੋਂ ਪਿਛੋਂ ਜੰਮਣਗੇ, ਉਹ ਸਾਡੇ ਨਾਲੋਂ ਵੀ ਅਨੋਖੇ ਖ਼ਿਆਲਾਂ ਦੇ ਹੋਣਗੇ। ਜੇ ਅਸੀਂ ਉਨ੍ਹਾਂ ਨੂੰ ਬੁਰਾ ਭਲਾ ਕਹਾਂਗੇ ਤਾਂ ਅਸੀਂ ਵੀ ਤੁਹਾਡੇ ਵਾਂਗ ਭੁੱਲ ਕਰਦੇ ਹੋਵਾਂਗੇ। ਇਹ ਯਕੀਨ ਸਮਝੋ ਮਾਂ ਜੀ, ਪੁੱਤਰ, ਮਾਂ ਧੀ, ਸੱਸ ਨੂੰਹ, ਗੱਲ ਕੀ, ਸਾਰੇ ਝਗੜ ਮੁੱਕ ਜਾਣ। ਤਾਹੀਓਂ ਮੈਂ ਕਹਿੰਦਾਂ ਪਈ ਭਾਈਏ ਹੋਰੀਂ ਜ਼ਮਾਨੇ ਨੂੰ ਨਹੀਂ ਸਮਝਦੇ। ਸਭ ਤੋਂ ਵੱਡਾ ਕੰਮ ਇਸ ਵੇਲੇ ਨੌਜਵਾਨਾਂ ਦੇ ਸਾਹਮਣੇ ਪਿੰਡ ਸੁਧਾਰ ਦਾ ਹੈ। ਜੇ ਭਾਈਏ ਹੋਰੀਂ ਦੇਸ਼ ਤੇ ਕੌਮ ਦੀ ਹਾਲਤ ਤਂ ਜਾਣੂ ਹੁੰਦੇ, ਤਾਂ ਪਿੰਡ ਸੁਧਾਰ ਦੇ ਕੰਮ ਬਦਲੇ ਮੈਨੂੰ ਗਾਲ੍ਹਾਂ ਤੇ ਬੇਦਖ਼ਲੀ ਦਾ ਡਰ ਨਾ ਦਿੰਦੇ।

ਇੰਦਰ – ਕਾਕਾ, ਹੋ ਤੇ ਲੈ ਪਿਉ ਨੂੰ ਅਕਲਾਂ ਦੇਣ ਜੋਗਾ। ਤੂੰ ਉਨ੍ਹਾਂ ਦੀ ਬਰੋਬਰੀ ਕਰ ਲੈਣੀ ਏ? ਉਨ੍ਹਾਂ ਸਾਰਾ ਦੇਸ਼ ਮੁਲਖ ਗਾਹ ਮਾਰਿਆ, ਥਾਂ ਥਾਂ ਦਾ ਪਾਣੀ ਪੀਤਾ ਹੋਇਆ ਏ, ਗੰਗਾ, ਗਯਾ, ਜਿੱਥੇ ਨਾ ਉੱਥੇ ਜਾ ਆਏ। ਕੇਹੜੀ ਗੱਲ ਦਾ ਨਹੀਂ ਪਤਾ ਉਨ੍ਹਾਂ ਨੂੰ ?

ਮਨ – (ਹਸਦਾ ਹੋਇਆ) ਮਾਤਾ ਜੀ, ਗੰਗਾ ਗਯਾ ਨੂੰ ਤੁਸੀਂ ਕੋਈ ਯੂਨੀਵਰਸਿਟੀ ਸਮਝਦੇ ਓ, ਉੱਥੇ ਜ ਕੇ ਤਾਂ ਬੰਦਾ ਸਗੋਂ ਮੂਰਖ ਬਣਦੈ।

ਇੰਦਰ – ((ਸਬਰ ਦੀ ਹੱਦ ਹੋ ਜਾਂਦੀ ਏ) ਹਾਇਆ ਵੇ, ਕੋਈ ਡਰ ਭਉ ਕਰ, ਮੂਲੋਂ ਈ ਨਾ ਨਿਘਰਦਾ ਜਾਹ। ਕੀ ਹੋ ਗਿਆ ਏ,ਠ ਪੜ੍ਹਿਆ ਲਿਖਿਆ ਏਂ, ਚੰਗੇ ਬੋਲ ਬੋਲ। ਲੋਕੀਂ ਗੰਗਾ ਦਾ ਨਾ ਲੈ ਕੇ ਅੰਨ ਮੂੰਹ ਵਿੱਚ ਪਾਉਂਦੇ ਨੇ। ਤੂੰ ਕਿਉਂ ਐਨੀ ਬੇਹਿਆਈ ਫੜ ਲਈ ਏ। (ਅੱਖਾਂ ਭਰ ਕੇ) ਮਾਂ ਪਿਉਂ ਦਾ ਤੇ ਨਹੀਂ ਤੈਨੂੰ ਕੋਈ ਆਦਰ ਮਾਨ ਰਿਹਾ, ਧਰਮ ਅਸਥਾਨਾਂ ਨੂੰ ਵੀ ਲੱਗਾ ਏਂ ਨਿੰਦਣ, ਸਿਰ ਸੁਆਹ ਏਹੋ ਜਹੀ ਪੜ੍ਹਾਈ ਦੇ।

ਮਨ – ਤੁਸੀਂ ਭੁਲਦੇ ਓ ਮਾਤਾ ਜੀ, ਮੈਂ ਕਦੇ ਵੀ ਤੁਹਾਡਾ ਨਿਰਾਦਰ ਨਹੀਂ ਕਰ ਸਕਦਾ। ਜੇ ਮੇਰਾ ਕੋਈ ਝਗੜਾ ਹੈ ਤਾਂ ਉਹ ਤੁਹਾਡੇ ਪੁਰਾਣੇ ਪਿਤਾ-ਪੁਰਖੀ ਖਿਆਲਾਂ ਨਾਲ ਹੈ, ਤੁਹਾਡੀ ਜ਼ਾਤ ਨਾਲ ਨਹੀਂ।

ਇੰਦਰ – ਵੇ ਹੋਰ ਨਰਾਦਰ ਕਿੱਦਾਂ ਹੁੰਦੈ। ਸਾਡੀ ਇਕ ਇਕ ਗੱਲ ਵਿੱਚ ਤੂੰ ਸੌ ਸੌ ਨੁਕਸ ਕੱਢਦਾ ਏਂ। ਸਾਡੀ ਗੱਲ ਦੀ ਕੋਈ ਪਰਾਵਹ ਨਹੀਂ ਕਰਦਾ। (ਰੋਂਦੀ ਹੋਈ) ਕਿਉਂ ਤੂੰ ਸਾਨੂੰ ਦੁਖ ਦੇਣ ਲੱਗੈਂ। ਅਸੀਂ ਤੇਰਾ ਕੀ ਵਿਗਾੜਿਆ? ਪੜ੍ਹਾਇਆ ਲਿਖਾਇਆ, ਪਈ ਵੱਡਾ ਹੋ ਸੁਖ ਦੇਵੇਂਗਾ। ਲੱਗਾ ਏਂ ਤੂੰ ਸਾਨੂੰ ...

ਸੂਬੇਦਾਰਨੀ ਹਰ ਕੌਰ ਅੰਦਰ ਆਉਂਦੀ ਹੈ, ਉਸ ਦੇ ਹੱਥ ਵਿੱਚ ਦੁੱਧ ਦੀ ਬੰਦ ਬਾਲਟੀ, ਤੇੜ ਕਾਲੇ ਸੂਫ਼ ਦਾ ਘਗਰਾ, ਉੱਤੇ ਮਲ ਮਲ ਦਾ ਚਿੱਟਾਂ ਦੁਪੱਟਾ, ਗਲ ਹਲਕੇ ਰੰਗ ਦੀ ਕਮੀਜ਼, ਪੈਰੀਂ ਦੁਖੱਲੀ ਜੁੱਤੀ। ਕੱਪੜੇ ਭਾਵੇਂ ਬੜੇ ਸਾਦਾ ਹਨ, ਪਰ ਸੋਹਣੇ ਸੱਜਦੇ ਹਨ। ਦੋ ਤਿੰਨ ਬੱਚੇ ਮਰ ਜਾਣ ਕਰ ਕੇ ਚਿਹਰਾ ਮੁਰਝਾ ਜਿਹਾ ਗਿਆ ਹੈ, ਪਰ ਫੇਰ ਵੀ ਅਜੇ ਤਕੜੀ ਹੈ।

ਹਰ ਕੌਰ – ਹੈਂ! ਹੈਂ! ਬੀਬੀ! ਤ੍ਰਿਕਾਲਾਂ ਸੰਝ ਦਾ ਵੇਲਾ, ਤੂੰ ਕਿਉਂ ਰੋਨੀ ਏਂ?

ਇੰਦਰ – (ਹੋਰ ਰੋਣ ਲਗ ਪੈਂਦੀ ਏ) ਲੋਕਾਂ ਦੇ ਧੀਆਂ ਪੁੱਤਰ ...... ਮਾਪਿਆਂ ਦੇ ਇਸ਼ਾਰੇ ਤੇ ਚਲਦੇ ਨੇ ... ਮਜਾਲ ਏ ਜੇ ਇਕ ਪੈਰ ਏਧਰ ਓਧਰ ਹੋ ਜਾਣ .... ਸਾਡੀ ਕੇਹੀ ਕਿਸਮਤ ਮਾੜੀ ਆਈ ਏ।

ਹਰ ਕੌਰ – ਕਾਕਾ, ਕਿਉਂ ਬੀਬੀ ਨੂੰ ਤਗ ਕਰਦਾ ਰਹਿਨਾ ਏਂ?

ਮਨ – ਮਾਮੀ ਜੀ, ਤੁਸੀਂ ਪਹਿਲੋਂ ਮੇਰਾ ਕਸੂਰ ਤਾਂ ਪੁੱਛ ਲਓ?

ਹਰ ਕੌਰ – ਪੁਛਿਆ ਹੋਇਆ ਏ ਤੇਰਾ ਕਸੂਰ (ਇੰਦਰ ਦੇਈ ਦਾ ਦਿਲ ਰੱਖਣ ਲਈ) ਬੀਬੀ, ਤੂੰ ਕਿਉਂ ਵਿਹਲੀ ਖਪਣ ਡਹੀ ਹੋਈ ਏਂ ? ਏਹ ਮਾਮਾ ਭਣੇਵਾਂ ਅਜ ਕਲ੍ਹ ਕਿਸੇਦੀ ਗੱਲ ਸੁਣਦੇ ਨੇ। ਮਨ ਆਈਆਂ ਕਰਦੇ ਨੇ। ਬਸ, ਚੁਪ ਕਰ, ਐਵੇਂ ਨਾ ਅੱਖਾਂ ਸੁਜਾ।

(ਬਾਹਰੋਂ) – ਹੇ ਸੂਬੇਦਾਰ ਜੀ, ਸੂਬੇਦਾਰ ਜੀ, ਘਰ ਈ ਓ?

ਮਨ – ਕੌਣ ਏ ਭਈ ? (ਅਗੇ ਵਧ ਕੇ) ਆਈਏ,ਠ ਆਈਏ, ਵਰਿਆਮ।

ਵਰਿਆਮ – ਬਾਬੂ ਜੀ ਕੋਈ ਕੰਮ ਕਰਦੇ ਓ? ਉਰੇ ਆਇਓ ਨ ਜ਼ਰਾ।

ਇੰਦਰ – (ਪੀੜ੍ਹੀ ਤੋਂ ਉੱਠ ਕੇ) ਭਾਬੀ, ਤੂੰ ਹੀ ਦੱਸ, ਮੈਂ ਕੀ ਕਰਾਂ? ਕੇਹੜੇ ਖਹ ਪਵਾਂ! ਤੂੰ ਦੇਖ ਈ ਲਏ ਨੇ ਨਾ ਮੁੰਡੇ ਦੇ ਲੱਛਣ। ਦਿਨੋ-ਦਿਨ ਹੱਥਾਂ ਚੋਂ ਨਿਕਲਦਾ ਜਾਂਦਾ ਏ।

ਹਰ ਕੌਰ – ਬੀਬੀ, ਤੈਨੂੰ ਮੈਂ ਕੀ ਆਖਾਂ, ਜਿਉਂ ਜਿਉਂ ਤੂੰ ਸਿਆਣੀ ਹੁੰਦੀ ਜਾਨੀ ਏ, ਖੌਰੇ ਤੇਰੀ ਮਤ ਨੂੰ ਕੀ ਹੁੰਦਾ ਜਾਂਦਾ ਏ। ਕਹਿਣਾ ਸੁਨਣਾ ਵੀਰਾਹ ਰਾਹ ਦਾ ਹੁੰਦਾ ਏ। ਜਿੱਦਾਂ ਤੂੰ ਕਰਨੀ ਏਂ, ਇੱਦਾਂ ਨਹੀਂ ਕੋਈ ਕਰਦਾ ਬਰੋਬਰ ਦੇ ਸਿਆਣੇ ਧੀਆਂ ਪੁਤਾਂ ਨਾਲ। ਸੱਚੀ ਗੱਲ ਏ, ਬੱਚੇ ਵਿਗੜਦੇ ਈ ਬਹੁਤਾ ਤੰਗ ਕਰਨ ਨਾਲ ਨੇ। ਤੂੰ ਦਲੀਲ ਤੇ ਦਲਾਸੇ ਨਾਲ ਕੋਈ ਗੱਲ ਕਰੇਂ, ਤਾਂ ਖੌਰੇ ਮੰਨ ਵੀ ਜਾਏ, (ਮੋਢੇ ਤੇ ਹੱਥ ਰੱਖ ਕੇ) ਨਾਲੇ ਮੈਨੂੰ ਇਹ ਦੱਸ, ਪਈ ਉਹ ਕੀ ਵੈਲ ਕਰਦੈ, ਜੋ ਤੁਸੀਂ ਹਰ ਕੇਲੇ ਟੋਕਾ ਟਾਕੀ ਕਰਦੇ ਰਹਿੰਦੇ ਓ। ਆਪਣੇ ਘਰ ਬੈਠਾ, ਕਮਾਉਂਦਾ ਨਹੀਂ, ਤਾਂ ਗੁਆਉਂਦਾ ਵੀ ਤਾਂ ਨਹੀਂ।

ਇੰਦਰ – ਭਾਬੀ, ਮੈਂ ਕੁਝ ਨਹੀਂ ਕਹਿੰਦੀ, ਲੋਕੀਂ ਨਹੀਂ ਸਾਨੂੰ ਜੀਉਣ ਦਿੰਦੇ। ਸ਼ਰੀਕ ਬੋਲੀਆਂ ਮਾਰਦੇ ਨੇ।

ਹਰ– ਢੱਠੇ ਖ਼ੂਹ ਵਿੱਚ ਪੈਣ ਲੋਕੀਂ । ਲੋਕਾਂ ਨੂੰ ਵੀ ਕੋਈ ਖ਼ੁਸ਼ ਕਰ ਸਕਦਾ ਏ? ਏ ਦੁਮੂਹੀਂ ਲੁਕਾਈ ਤਾਂ ਪੀਰ ਪੈਗੰਬਰਾਂ ਤੋਂ ਨਾ ਖ਼ੁਸ਼ ਹੋਈ, ਅਸੀਂ ਕੀਹਦੇ ਪਾਣੀ-ਹਾਰ ਆਂ।

ਇੰਦਰ – ਭਾਬੀ, ਚੁਪ ਕਰ ਜਾਹ। ਮੁੰਡਾ ਵੀ ਵਿਗੜ ਗਿਆਏ। ਉਹਦੇ ਭਾਈਏ ਨੇ ਨੈਬ-ਤਸੀਲਦਾਰ ਭਰਤੀ ਕਰਾਉਣ ਲਈ ਸਾਰਾ ਜ਼ੋਰ ਲਾਇਆ, ਜੇਹਦੀਆਂ ਨਾ, ਓਹਦੀਆਂ ਫਰਮੈਸ਼ਾਂ ਪੁਆਈਆਂ, ਅਬਸਰਾਂ ਨੂੰ ਵੱਢੀਆਂ ਵੀ ਦਿੱਤੀਆਂ। ਜਦੋਂ ਕੰਮ ਬਨਿਆ ਬਨਿਆ, ਮੁੰਡੇ ਨੇ ਟਕੇ ਵਰਗਾ ਜਵਾਬ ਦੇ ਦਿੱਤਾ। ਉਨ੍ਹਾਂ ਦਾ ਵੀ ਅੰਦਰ ਸੜਿਆ ਹੋਇਆ ਏ।

ਹਰ – (ਬੜੀ ਗੰਭੀਰਤਾ ਨਾਲ) ਬੀਬੀ, ਤਸੀਲਦਾਰ ਹਜ਼ਾਰਾਂ ਹੋਣਗੇ, ਪਰ ਮਨਮੋਹਨ ਲੱਖਾਂ ਚੋਂ ਕੋਈ ਇਕ ਅਧ ਹੀ ਹੁੰਦਾ ਏ। ਕਿਸੇ ਨੂੰ ਨਿਰਾ ਆਪਣਾ ਢਿੱਡ ਭਰਨ ਦੀ ਹੁੰਦੀ ਏ, ਕੋਈ ਦੁਨੀਆਂ ਦਾ ਦੁਖ ਵੰਡਾਉਣ ਲਈ ਜੰਮਦਾ ਏ। ਗਾਂਧੀ ਨੇ ਵੇਖ ਲੈ ਖਾਂ, ਕਿੱਦਾਂ ਸਭ ਕੁਝ ਮੁਲਕ ਤੋਂ ਕੁਰਬਾਨ ਕਰ ਦਿੱਤੈ। ਏਹ ਤਾਂ ਘਰ ਦਾ ਜੋਗੀ ਜੋਗੜਾ, ਬਾਹਰ ਦਾ ਜੋਗੀ ਸਿਧ ਵਾਲੀ ਗਲ ਹੋਈ। ਮੋਹਨ ਦੀ ਕਦਰ ਪਿੰਡ ਦੇ ਗਰੀਬ ਗੁਰਬੇ ਜਾਂ ਕਮੀਣਾ ਕੋਲੋਂ ਪੁੱਛ। (ਅੱਖਾਂ ਤੇ ਪੱਲਾ ਫੇਰ ਕੇ) ਦੇਖ ਰੱਬ ਦੇ ਰੰਗ! ਇਕ ਉਲਾਦ ਨੂੰ ਤਰਸਦੇ ਨੇ, ਇਕ ਹੀਰੇ ਵਰਗੇ ਪੁੱਤਰ ਨੂੰ ਦੁਰਕਾਰਦੇ ਨੇ। ਨੀ ਬੀਬੀ, ਮੇਰੇ ਵਰਗੀਆਂ ਕੋਲੋਂ ਪੁੱਛ ਪੁੱਤਰਾਂ ਦੀ ਕਦਰ।

ਇੰਦਰ – ਭਾਬੀ ਤ ਮੇਰੀਆਂ ਗੱਲਾਂ ਸੁਣ ਲਈਆਂ ਨੇ। (ਰੋ ਕੇ) ਮੇਰਾ ਦਿਲ ਹੀ ਪੁੱਛਿਆ ਜਾਣੀਏ। ਤੈਨੂੰ ਹੁਣ ਕੀ ਦੱਸਾਂ, ਮੈਂ ਕਿੰਨਾ ਦੁਖੀ ਹੁੰਦੀ ਆਂ, ਜਾਂ ਕਾਕੇ ਨੂੰ ਕੁਝ ਕਹਿੰਦੀ ਸੁਣਨੀ ਆਂ। ਮੈਂ ਤਾਂ ਆਹਨੀ ਆਂ ਜੋ ਕੁਝ ਮਰਜੀ ਏ ਕਰੇ। ਕੇਹੜਾ ਜਹਾਨ ਨੌਕਰੀਆਂ ਕਰਦੈ। ਨਾਲੇ ਸਾਨੂੰ ਕੇਹੜੀ ਗਲ ਦਾ ਘਾਟਾ ਏ, ਰੱਬ ਦਾ ਦਿੱਤਾ ਸਭ ਕੁਝ ਏ। ਪਰ ਮੈਂ ਚਾਹੁੰਦੀ ਆਂ ਮੇਰੀਆਂ ਅੱਖਾਂ ਅੱਗੇ ਰਹੇ। ਸਾਨੂੰ ਵੀ ਏਹੋ ਕੁਝਏ ਦੇਖਣ ਨੂੰ। (ਮਨਮੋਹਨ ਨੂੰ ਆਉਂਦਾ ਦੇਖ) ਭਾਬੀ ਚੱਲ ਤੂੰ ਦੁਧ ਤੱਤਾ ਧਰ। (ਮੋਹਨ ਨੂੰ ਬੜੇ ਪਿਆਰ ਨਾਲ) ਕਾਕਾ ਜੀ, ਕੀ ਕਹਿੰਦਾ ਏ ਵਰਿਆਮਾ?

ਮਨ – (ਹਰਾਨੀ 'ਚ ਇੰਦਰ ਦੇਈ ਵਲ ਵੇਖ ਕੇ) ਮਾਂ ਜੀ, ਚੌਧਰੀ ਮੰਧਾ ਸਾਡੇ ਰਾਹ ਵਿੱਚ ਰੋੜੇ ਅਟਕਾਉਂਦਾ ਏ। ਜਹੜਾ ਸਾਡੇ ਕੋਲ ਬਹਿੰਦਾ ਖਲੋਂਦੈ ਓਹਨੂੰ ਤੰਗ ਕਰਦਾ ਏ। ਵਰਿਆਮੇ ਦੇ ਵਾੜੇ ਵਿੱਚ ਸ਼ਰਾਬ ਰਖ ਕੇ ਫੜਾਉਣ ਲੱਗਾ ਸੀ। ਉਨ੍ਹਾਂ ਨੂੰ ਵੇਲੇ ਸਿਰ ਪਤਾ ਲਗ ਗਿਆ।

ਇੰਦਰ – ਕਾਕਾ, ਪਿੰਡਾਂ ਵਿੱਚ ਏਹੋ ਸੁਆਹ ਉਡਦੀ ਏ। ਅਜੇ ਤੂੰ ਕਹਿਨੈ ਮੈਂ ਸੁਧਾਰ ਕਰਨੈ। ਇਨ੍ਹਾਂ ਮੂਹੜਾਂ ਨੇ ਕੀ ਸਮਝਣਾ।

ਮਨ – ਮਾਤਾ ਜੀ ਏਹ ਤੇ ਫੇਰ ਬੰਦੇ ਨੇ, ਪਸ਼ੂ ਸੁਧਰ ਜਾਂਦੇ ਨੇ। ਨਾਲੇ ਉਨ੍ਹਾਂ ਵਿਚਾਰਿਆਂ ਦਾ ਕੀ ਕਸੂਰ ਏ। ਜੇ ਸਾਨੂੰ ਕੋਈ ਲਿਮ ਹਾਸਲ ਕਰਨ ਦਾ ਮੌਕਾ ਮਿਲਦਾ ਤਾਂ ਅਸੀਂ ਵੀ ਓਨ੍ਹਾਂ ਵਰਗੇ ਹੀ ਹੋਣਾ ਸੀ ਨਾ।

ਇੰਦਰ – (ਹਾਰ ਕੇ) ਹੱਛਾਕਾਕਾ, ਜੋ ਕੁਝਚੰਗਾ ਲਗਦਾ ਕਰ। ਅਸੀਂ ਅਜ ਤੋਂ ਲੈਕੇ ਤੈਨੂੰ ਕੁਝ ਨਹੀਂ ਕਹਿੰਦੇ। ਮੈਂ ਆਪੇ ਤੇਰੇ ਭਾਈਏ ਨੂੰ ਸਮਝਾ ਲਵਾਂਗੀ। (ਬੜੀ ਹਲੀਮੀ ਨਾਲ) ਪਰ ਬੱਚਾ, ਤੂੰ ਵੀ ਸਾਡਾਇਕ ਕਹਿਣਾ ਮੰਨ ਲੈ।

ਮਨ – ਦੱਸੋ ਮਾਤਾ ਜੀ, ਜੇ ਮੰਨਣ ਵਾਲਾ ਹੋਇਆ ਤਾਂ ਮੈਂ ਕਦੇ ਅਨਕਾਰ ਨਹੀਂ ਕਰਾਂਗਾ।

ਇੰਦਰ – ਦੇਖੋ ਨਾ ਬੱਚਾ, ਬਗਾਨੀ ਧੀ ਮਾਪਿਆਂ ਦੇ ਦਰ ਤੇ ਬੈਠੀ ਏ। ਕਿੰਨਾਕੁ ਦੁਖ ਹੋਵੇਗਾ ਉਨ੍ਹਾਂ ਨੂੰ। ਜਿਨ੍ਹਾਂ ਜੱਣੀਆਂ ਉਨ੍ਹਾਂ ਬੱਣੀਆਂ। ਪਹਿਲੋਂ ਸਾਨੂੰ ਹੀ ਦੇਖ ਲੋ, ਪੁਜ ਕੇ ਦੁਖੀ ਆਂ। ਕਹਿਨੇ ਆਂ ਕੇਹੜੀ ਘੜੀ ਹੋਵੇ, ਕੁੜੀ ਆਪਣੇ ਘਰ ਜਾਵੇ। ਕਾਕਾ ਧੀਆਂ ਭੈਣਾਂ ਆਪਣ ਘਰੀਂ ਵਸਦੀਆਂ ਰਸਦੀਆਂ ਚੰਗੀਆਂ ਲੱਗਦੀਆਂ ਨੇ, ਉੱਤੋਂ ਸਮਾਂ ਦੇਖ ਕੇਹੜਾ ਜਾਂਦਾ ਏ, ਡਰੀਏ ਰੱਬ ਤੋਂ। ਬੱਚਾ, ਆਸਾਂ ਡਕਦਿਆਂ ਨੂੰ ਐ ਦਿਨ ਆ ਗਏ ਨੇ, ਅਸੀਂ ਵੀ ਅਜੇ ਕੇਹੜਾ ਕੋਈ ਦਿਨ ਵੇਖਿਆ ਏ।

ਮਨ – (ਬੜੇ ਦੁਖ ਨਾਲ) ਮਾਤਾ ਜੀ, ਤੁਹਾਨੂੰ ਚੰਗਾ ਭਲਾ ਪਤੈ, ਪਈ ਜੇਹੜੀ ਗੱਲ ਮੈਂ ਕਹਾਂ ਚੰਗੀ ਤਰ੍ਹਾਂ ਸੋਚ ਸਮਝ ਕੇ ਕਹਿੰਦਾ ਹਾਂ। ਤੁਸੀਂ ਜਾਣ ਬੁਝ ਕੇ ਮੁੜ ਗਿੜ ਪੁਰਾਣੀਆਂ ਗੱਲਾਂ ਛੇੜ ਦਿੰਦੇ ਓ। ਜੇ ਅਗੋਂ ਕੋਈ ਉਜ਼ਰਕਰਾਂ, ਤਾਂ ਤੁਸੀਂ ਕਹਿੰਦੇ ਓ ਅਗੋ ਬੋਲਦੈ।

ਇੰਦਰ – ਕਾਕਾ, ਜੇ ਅਸੀਂ ਬਗਾਨੀਆਂ ਧੀਆਂ ਭੈਣਾ ਨੂੰ ਬਿਨਾਂ ਕਿਸੇ ਕੱਜ ਤੋਂ ਛੜ ਦਿਆਂਗੇ, ਸਾਡਾ ਤਾਂ ਕਿਸੇ ਸਾਕ ਵੀ ਨਹੀਂ ਲੈਣਾ।

ਮਨ – ਤੁਸੀਂ ਵਾਰ ਵਾਰ ਕਹੀ ਤਾਂ ਜਾਂਦੇ ਓ, ਪਰ ਕੁਝ ਅਗਲੇ ਦਾ ਵੀ ਸੋਚਿਆ ਕਰੋ। ਮੇਰੇ ਦੁਖ ਸੁਖ ਦਾ ਤਾਂ ਨਹੀਂ ਤੁਹਾਨੂੰ ਕੋਈ ਫ਼ਿਕਰ — ਨਾਲੇ ਮੈਂ ਤਾਂ ਸੁਖ ਲਈ ਜੰਮਿਆਂ ਹੀ ਨਹੀਂ— ਪਰ ਘੱਟੋ ਘੱਟ ਉਸ ਮਸੂਮ ਤੇ ਤਾਂ ਕੋਈ ਤਰਸ ਕਰੋ। ਲਿਖੀ ਪੜ੍ਹੀ ਹੋਈ ਏ। ਤੁਹਾਨੂੰ ਹੁਣ ਕੀ ਪਤਾ, ਉਹਦੀਆਂ ਕਿੱਡੀਆਂ ਕੁ ਉੱਚੀਆਂ ਆਸਾਂ ਹੋਣਗੀਆਂ। ਹੋ ਸਕਦੈ, ਸਾਡੇ ਦੋਹਾਂ ਦੇ ਖਿਆਲ ਨਾ ਮਿਲਣੀ ਦੋਵੇਂ ਜ਼ਿੰਦਗੀਆਂ ਤਬਾਹ ਹੋ ਜਾਣ। ਮੈਂ ਨਿਰਾ ਆਪਣੇ ਲਈ ਹਾਂ ਨਹੀਂ, ਸਗੋਂ ਉਸ ਦੇ ਭਲੇ ਦੀ ਖਾਤਰ ਇਨਕਾਰ ਕੀਤਾ ਏ। ਨਾਲੇ ਜੇ ਮੈਂ ਇਕ ਥਾਂ ਟਿਕਣਾ ਹੋਵੇ ਤਾਂ ਵੀ ਵਿਆਹ ਕਰਾ ਲਵਾਂ, ਖਬਰੇ ਕਿੱਥੇ ਕਿੱਥੇ ਘੁਮਣਾ ਏ।

ਇੰਦਰ – ਤੂੰ ਜਿੱਥੇ ਮਰਜ਼ੀ ਏ ਫਿਰੀਂ, ਜੋ ਦਿਲ ਕਰਦਾ ਕਰੀਂ, ਅਸੀਂ ਤੈਨੂੰ ਕੁਝ ਨਹੀਂ ਕਹਿੰਦੇ।

ਮਨ – (ਮੁਸਕਰਾ ਕੇ) ਫੇਰ ਏਹੋ ਜਿਹੇ ਵਿਆਹ ਦਾ ਕੀ ਫ਼ਾਇਦਾ। ਉਸ ਗ਼ਰੀਬਣੀ ਨੂੰ ਖ਼ਾਹ-ਮਖ਼ਾਹ ਕੈਦ ਕਰਨਾ ਏ। ਉਹ ਤੇ ਦਿਨਾ ਵਿੱਚ ਤੁਹਾਡੇ ਹੱਥੋਂ ਤੰਗ ਆ ਜਾਵੇਗੀ। ਜਦੋਂ ਤੁਹਾਨੂੰ ਮੇਰੇ ਖਿਆਲ ਨਹੀਂ ਚੰਗੇ ਲਗਦੇ, ਉਹਦੇ ਕਿਵੇਂ ਚੰਗੇ ਲੱਗਣਗੇ।

ਇੰਦਰ – ਕਾਕਾ, ਤੂੰ ਤਾਂ ਮੂਰਖ ਏਂ। ਜ਼ਰਾ ਨਹੀਂ ਸੋਚਦਾ। ਉਹ ਅਮੀਰਾਂ ਦੀ ਧੀ ਏ। ਉੱਥੋਂ ਐਨਾ ਦਾਜ ਕਾਜ ਆਉਣੈ, ਭਾਵੇਂ ਸਾਰੀ ਉਮਰ ਬੈਠਾ ਖਾਈਂ, ਨੌਕਰੀ ਵੀ ਨਾ ਕਰੀਂ।

ਮਨ – (ਹੇਹਰਾ ਸੂਹਾ ਹੋ ਜਾਂਦਾ ਹੈ, ਸੰਭਲ ਕੇ) ਅਸਲ ਵਿੱਚ ਮਾਤਾ ਜੀ, ਤੁਸੀਂ ਮੈਨੂੰ ਬਿਲਕੁਲ ਨਹੀਂ ਸਮਝੇ, ਨਹੀਂ ਤਾਂ ਏਹੋ ਜਿਹੀਆਂ ਗੱਲਾਂ ਨਾਲ ਮੇਰਾ ਦਿਲ ਨਾ ਦੁਖਾਉਂਦੇ, ਤੇ ਨਾ ਆਪ ਦੁਖੀ ਹੁੰਦੇ। ਮਾਂ ਜੀ, ਦਾਜ ਦੇ ਪੈਸੇ ਨਾਲ ਬੰਦਾ ਅਮੀਰ ਨਹੀਂ ਬਣਦਾ, ਸਗੋਂ ਗਰੀਬ ਹੁੰਦਾ ਏ। ਸੁਸਤ ਤੇ ਨਿਕੰਮਾ ਹੋ ਜਾਂਦਾ ਏ। ਜਿਨ੍ਹਾਂ ਨੇ

ਦੁਨੀਆਂ ਤੇ ਕੋਈ ਕੰਮ ਕਰਨੇ ਨੇ., ਉਹ ਬਗਾਨੇ ਆਸਰੇ ਨਹੀਂ ਤੱਕਦੇ, ਆਪਣੇ ਪੈਰਾਂ ਤੇ ਖੜੋਣਾ ਸਿਖਦੇ ਨੇ।

ਸੂਬੇਦਾਰ—ਉਮਰ 45 ਕੁ ਸਾਲ, ਭਰਵਾ ਚਿਹਰਾ, ਮੋਕਲੇ ਅੰਗ, ਸਿਰ ਪੀਲੀ ਫਿਫਟੀ ਤੇ ਦਾੜ੍ਹੀ ਬੰਨ੍ਹੀ ਹੋਈ— ਅੰਦਰ ਆਉਂਦਾ ਹੈ।

ਇੰਦਰ – (ਅੱਖਾਂ ਭਰ ਕੇ) ਵੇ ਵੀਰਾ, ਤੂੰ ਹੀ ਏਹਨੂੰ ਕੋਈ ਸਿਖ-ਮਤ ਦੇਹ। ਸਾਡੇ ਆਖੇ ਲਗਣੋਂ ਤਾਂ ਰਿਹਾ। ਨਾ ਦਸ, ਹੁਣ ਕੋਈ ਨਿਆਣਾ ਏ, ਮੂੰਹ ਤੇ ਦਾੜ੍ਹੀ ਆਈ ਹੋਈ ਏ। ਏਹਦੇ ਹਾਣ ਦੇ ਤਾਂ ਧੀਆਂ ਪੁੱਤਾਂ ਵਾਲੇ ਨੇ। ਨਾਲੇ ਹੁਣ ਮੇਰੀ ਉਮਰ ਗਾਂਹ ਗਾਂਹ ਕੰਮ ਕਰਨ ਦੀ ਏ।

ਸੂਬੇਦਾਰ – ਬੀਬੀ ਠੀਕ ਬੋਲਦੀ ਹੈ। ਜਾਂ ਉਸ ਨੇ ਆਪਣੀ ਸੱਸ ਦੀ ਤਾਬਿਆਦਾਰੀ ਕੀਤੀ ਹੈ, ਹੁਣ ਉਹ ਨਾ ਕਰੇ ਉਸ ਮਾਫ਼ਕ। (ਹਸ ਕੇ) ਦੂਸਰਾ ਚਾਹੇ ਮਰੇ ਚਾਹੇ ਜੀਵੇ, ਇੰਦਰ ਦੇਈ ਨੂੰ ਇਸ ਬਾਤ ਨਾਲਕੁਝ ਨਹੀਂ। ਇਸ ਨੂੰ ਤੇ ਆਪਣੇ ਵਾਸਤੇ ਗੋਲੀ ਚਾਹੀਏ।

ਇੰਦਰ ਦੇਈ ਅੱਖਾਂ ਤੇ ਪੱਲਾ ਲੈ ਕੇ ਰੋਣ ਲਗ ਜਾਂਦੀ ਹੈ।

ਸੂਬੇਦਾਰ – ਕਮਲੀਜਿਹੀ ਨਾ ਹੋਵੇ ਤਾਂ। ਤੈਨੂੰ ਮੋਹਨ ਦੇ ਵਿਆਹ ਦਾ ਕਿਆ ਫਿਕਰ ਹੈ। ਜਦੋਂ ਉਸ ਦਾ ਦਿਲ ਚਾਹੇਗਾ, ਖੁਦ ਕਰਾ ਲਵੇਗਾ। ਅਿਵਾਹ ਨਹੀਂ, ਤੁਸੀਂ ਉਸ ਨੂੰ ਨਰੜਨਾ ਚਾਹੁੰਦਾ ਹੋ, ਪਈ ਕੋਈ ਮੁਲਕੀ ਕੰਮ ਨਾ ਕਰ ਸਕੇ।

ਇੰਦਰ – (ਰੋਂਦੀ ਹੋਈ) ਸਮਝਾਉਣਾ ਕੀ ਸੀ, ਸਗੋਂ ਸਿਰੇ ਚੜ੍ਹਾ ਦਿੱਤਾ ਏ। ਤਾਹੀਓਂ ਨਹੀਂ ਮਾਂ ਪਿਉ ਦੀ ਕੋਈ ਪਰਵਾਹ ਕਰਦਾ। ਪੜ੍ਹਾਇਆ ਲਿਖਾਇਆ ਪਾਲਿਆ ਪੋਸਿਆ .....

ਸੂਬੇਦਾਰ – ਏਹ ਕੋਈ ਹਸਾਨ ਨਹੀਂ ...... ਆਪਣਾ ਫਰਜ਼ ਪੂਰਾ ਕੀਤਾ ਏ।

ਇੰਦਰ – ਇਹਦਾ ਫਰਜ਼ ਨਹੀਂ ਹੁਣ ਮਾਪਿਆਂ ਦੀ ਸੇਵਾ ਕਰਨੀ ?

ਸੂਬੇਦਾਰ– ਕਿਉਂ ਨਹੀਂ? ਪਰ ਜੇ ਤੁਸੀਂ ਲੋਕ ਸੇਵਾ ਕਰਾਉਣਾ ਚਾਹੋ।

ਇੰਦਰ – (ਰੋਂਦੀ ਹੋਈ) ਕੋਈ ਨਿਆਣੇ ... ਖੱਟੇ ਕਮਾਏ .... ਖੂਹ ਖਾਲੀ ਹੋ ਜਾਂਦੇ ਨੇ .....

ਸੂਬੇਦਾਰ – ਇਸ ਦਾ ਮਤਲਬ, ਪਈ ਮੋਹਨ ਨਾਲੋਂ ਬਹੁਤਾ ਤੁਹਾਨੂੰ ਪੈਸਾ ਪਿਆਰਾ ਏ। ਬਾਕੀ ਗੱਲ ਰਹੀ ਸੁਖ ਦੀ ... ਸੋਈ ਉਹ ਤੁਹਾਨੂੰ ਪੈਸੇ ਨੇ ਦੇਣੈ।

ਮਨ – ਦੇਖੋ ਮਾਮਾ ਜੀ, ਮੈਂ ਭਾਈਏ ਹੋਰਾਂ ਨੂੰ ਸੌ ਦਫ਼ਾ ਕਹਿ ਚੁਕੈਂ, ਪਈ ਤੁਸੀਂ ਆਪਣੀ ਜ਼ਿੰਦਗੀ ਚੰਗੀ ਤਰ੍ਹਾਂ ਗੁਜ਼ਾਰੋ, ਮੇਰਾ ਜ਼ਰਾ ਭਰ ਫਿਕਰ ਨਾ ਕਰੋ।

ਸੂਬੇਦਾਰ – ਮੈਂ ਜਾਣਦਾਂ ਸਭ ਕੁਛ, ਭੁਲਿਆ ਹੋਇਆ ਨਹੀਂ ਤੇਰੇ ਭਾਈਏ ਨੂੰ ਮੂਰਖਾਂ ਦੇ ਹਥ ਲਾਲ ਆ ਗਿਆ ਹੈ। ਏਹ ਕਿਆ ਕਦਰ ਕਰ ਸਕਦੇ ਹੈਨ। ਜਦੋਂ ਖਾਂਦੇ ਪੀਂਦੇ ਮੁਲਕ ਦੀ ਸੇਵਾ ਨਾ ਕਰਨਗੇ, ਹੋਣ ਕੌਣ ਕਰੇਗਾ ?

ਇੰਦਰ ਦੇਈ ਬੜੇ ਗੁੱਸੇ ਨਾਲ ਘੱਗਰਾ ਚੁਕ ਕੇ ਤੁਰਨ ਲਗਦੀ ਏ।

ਹਰ ਕੌਰ – ਹੈਂ! ਬੀਬੀ, ਤੂੰ ਕਿੱਥੇ ਨੂੰ ਤੁਰ ਪਈ ਏਂ?

ਇੰਦਰ – ਹਟ ਜਾਹ, ਛਡ ਦੇਹ ਮੇਰਾ ਹੱਥ। ਅਸੀਂ ਨਹੀਂ ਕੁਝ ਲਗਦੇ ਮੁੰਡੇ ਦੇ। ਤੁਸੀਂ ਉਹਨੂੰ ਜੰਮਿਆ, ਤੁਸੀਂ ਪਾਲਿਆ। (ਰੋਂਦੀ ਹੋਈ) ਅਜੇ ਸਭ ਪਰਾਏ ਵੀ ਸੌ ਆਦਰ ਮਾਣ ਕਰਦੇ ਨੇ। ਜੇਹੀ ਦੋਹਾਂ ਨੇ ਰਲ ਕੇ ਮੇਰੇ ਨਾਲ ਕੀਤੀ ਏ .....

ਹਰ ਕੌਰ – ਬੀਬੀ, ਸੁਦੈਣ ਹੋ ਗਈ ਏਂ! ਛਡ ਘੱਗਰਾ (ਸੂਬੇਦਾਰ ਨੂੰ) ਕਿਉਂ ਤੁਸੀਂ ਇਸ ਨੂੰ ਦੁਖੀ ਕਰਦੇ ਓ।

ਸੂਬੇਦਾਰ – ਕੌਣ ਦੁਖੀ ਕਰਦਾ ਹੈ? ਆਪਣੇ ਆਪ ਦੁਖੀ ਹੁੰਦੀ ਹੈ। ਹਰ ਜਾਹ, ਛਡ ਦੇਹ। ਜਾ ਲੈਣ ਦੇ ਇਸ ਨੂੰ, ਜਿੱਥੇ ਜਾਂਦੀ ਹੈ। ਜਾਹ, ਬੋਲ ਦੇ ਉਸ ਨੂੰ ਦੇ ਦੇਵੇ ਬੇਦਖਲ। ਲੈ ਜਾਈ ਪੈਸਾ ਛਾਤੀ ਤੇ ਧਰ ਕਮੇ। ਜਿਉਂ ਕਲ੍ਹ ਦੀ ਆਈ ਹੈ, ਸਿਰ ਖਪਾ ਮਾਰਿਆ।

ਮਨ – ਮਾਮਾ ਜੀ, ਤੁਸੀਂ ਐਡੀ ਛੇਤੀ ਗੁੱਸੇ ਨਾ ਹੋ ਜਾਇਆ ਕਰੋ। ਬਸ, ਚੁਪ ਕਰੋ। ਮੈਂ ਆਪੇ ਮਨਾ ਲਵਾਂਗਾ ਉਨ੍ਹਾਂ ਨੂੰ

[ਇੰਦਰ ਦੇਈ ਦੇ ਮਗਰ ਚਲਾ ਜਾਂਦਾ ਹੈ]

—————————

# ਦੂਜੀ ਝਾਕੀ

ਪਿੰਡ ਦੇ ਵਿਚਕਾਰ, ਛੱਪੜ ਦੇ ਕੰਢੇ ਇਕ ਵੱਡਾ ਸਾਰਾ ਬੋਹੜ ਹੈ। ਉਸ ਦੇ ਦੁਆਲੇ ਇੱਕ ਕੱਚਾ ਜਿਹਾ ਥੜ੍ਹਾ ਬਣਿਆ ਹੋਇਆ ਹੈ। ਦੁਪਹਿਰ ਦੇ ਵੇਲੇ ਇੱਕੇ ਖ਼ੂਬ ਗਹਿਮਾ-ਗਹਿਮ ਹੈ।

ਗੱਭਰੂਆਂ ਦੀਆਂ ਦੋ ਤਿੰਨ ਢਾਣੀਆਂ ਹਨ। ਇਕ ਤਾਸ਼, ਦੂਜੀ ਕੌਡਾਂ ਤੇ ਤੀਜੀ ਬਾਰ੍ਹਾਂ-ਟਾਹਣੀ ਖੇਡ ਰਹੀ ਹੈ। ਖ਼ੁਰਾਕਾਂ ਦੇ ਘਟਣ, ਫ਼ਿਕਰਾਂ ਤੇ ਬੀਮਾਰੀਆਂ ਦੇ ਵਧ ਜਾਣ ਕਰਕੇ ਪਿੰਡ ਵਿੱਚ ਪਿਛਲੇ ਗਭਰੂ ਤੇ ਸਵਾਣੀਆਂ ਨਜ਼ਰ ਨਹੀਂ ਪੈਂਦੇ। ਅੜਕ-ਮੜਕ ਬੜੀ ਵਧ ਗਈ ਹੈ ਪਰ ਚਿਹਰਿਆਂ ਤੇ ਕੋਈ ਆਬ ਨਹੀਂ।

ਢੇਰ ਸਾਰੇ ਆਦਮੀਆਂ ਦੇ ਵਿਚਕਾਰ ਜੜ੍ਹ ਉੱਤੇ ਇਕ ਬੜਾ ਹੱਟਾਂ ਕੱਟਾ ਬੰਦਾ ਬੈਠਾ ਹੈ। *ਇਹ ਪਿੰਡ ਦਾ ਮਸ਼ਹੂਰ ਚੌਧਰੀ ਮੰਧਾ ਹੈ —ਉਮਰ 40 ਕੁ ਸਾਲ, ਮੁੱਛਾਂ ਨੂੰ ਵਟ ਚਾੜ੍ਹਿਆ ਹੋਇਆ, ਦਾੜ੍ਹੀ ਕੈਂਚੀ ਨਾਲ ਕੁਤਰ ਕੇ ਐਨ ਗੋਲ ਕੀਤੀ ਹੋਈ, ਨਸਵਾਰੀ ਰੰਗ ਦੀ ਪਗ, ਹੱਥ ਭਰ ਸ਼ਮਲਾ, ਅੱਖਾਂ ਤੇਜ਼, ਸ਼ੋਖ ਤੇ ਨਚੱਲੀਆਂ ਹਨ। ਗਾਮਾ ਤੇ ਬੰਦਾ (ਏਜੰਟ) ਕੋਲ ਬੈਠੇ ਹਨ।

35 ਕੁ ਵਰ੍ਹੇ ਦਾ ਇਕ ਜਟ (ਵਰਿਆਮ), ਮੁੰਡੇ ਤੇ ਗਭਰੂਆਂ ਦਾ ਮੋਹਰੀ ਵੀ ਚੌਧਰੀ ਦੇ ਲਾਗੇ ਬੈਠਾ ਹੈ।

ਬਾਕੀਆਂ ਤੋਂ ਕੁਝ ਦੂਰ, ਇਕ 70, 75 ਸਾਲ ਦਾ ਬਿਰਧ (ਜੱਸਾ) ਬੈਠਾ ਰੱਸੀ ਵੱਟ ਰਿਹਾ ਹੈ। ਉਸ ਦ ਚਿਹਰੇ ਤੇ  ਝੁਰੜੀਆਂ, ਸਿਰੋਂ ਲੰਘੇ ਵਰ੍ਹਿਆਂ ਦੀ ਝਾਲ ਨਾਲ ਝੁਕਿਆ ਹੋਇਆ, ਚਿੱਟੀ ਦਾੜ੍ਹੀ ਮਿੱਟੀ ਘੱਟੇ। ਨਾਲ ਭਰੀ ਹੋਈ ਹੈ। ਲੰਗੋਟੀ ਤੋਂ ਸਿਵਾ ਉਸ ਦੇ ਹੋਰ ਕੋਈ ਕਪੜਾ ਨਹੀਂ

ਚੌਧਰੀ – ਵਰਿਆਮਿਆ, ਸੁਣਿਐਂ ਕੋਈ ਪਿੰਡ ਸੁਧਾਰ ਸਭਾ ਬਨ ਲੱਗੀ ਏ। ਕਿੰਨੇ ਕੁ ਮਿੰਬਰ ਬਣ ਗਏ ਨੇ?

ਵਰਿਆਮ – ਭਲਾ ਚੌਧਰੀ, ਮੈਨੂੰ ਤੇਰੇ ਨਾਲੋਂ ਬਹੁਤਾ ਪਤੈ। ਜਿਹਾ  ਤੂੰ ਪਿੰਡ ਵਿੱਚ ਰਹਿੰਦਾ ਤੇਹਾ ਮੈਂ।

---

* ਇਹੋ ਜਿਹੇ ਚੌਧਰੀ ਪਿੰਡਾਂ ਵਿੱਚ ਆਮ ਹੁੰਦੇ ਹਨ, ਜਿਹੜੇ ਦਿਨਾਂ ਨੂੰ ਪੰਚਾਇਤੀ ਪਰਰਾਤ ਨੂੰ ਯਾਰਾਂ ਦੇ ਯਾਰ, ਚੋਰਾਂ ਦੇ ਸਰਦਾਰ ਤੇ ਸਰਪ੍ਰਸਤ। ਲੋਕਾਂ ਨੂੰ ਲੜਾਉਣਾ ਤੇ ਛਿਭਾਉਣਾ ਇਨ੍ਹਾਂ ਦਾ ਨਿਤ ਦਾ ਸ਼ੁਗਲ ਹੁੰਦਾ ਹੈ। ਪਿੰਡ ਵਿੱਚ ਕੋਈ ਚੰਗਾ ਕੰਮ ਸ਼ੁਰੂ ਕਰੋ, ਉਹ ਜ਼ਰੂਰ ਮੁਖਾਲਫ਼ਤ ਕਰਨਗੇ। ਗ਼ਰੀਬ ਤੇ ਵਿਧਵਾ ਇਸਤ੍ਰੀਆਂ ਦੀ ਇੱਜ਼ਤ ਉਨ੍ਹਾਂ ਦੇ ਹਥ  ਹੁੰਦੀ ਹੈ। ਉਨ੍ਹਾਂ ਤੋਂ ਭਲੇ ਬੰਦੇ ਵੀ ਡਰਦੇ ਹਨ।

ਚੌਧਰੀ – ਮਿੰਬਰਾਂ ਨੂੰ ਦੂਜਿਆਂ ਨਾਲੋਂ ਬਹੁਤਾ ਹੀ ਪਤਾ ਹੁੰਦਾ ਏ ਕਿ

ਵਰਿਆਮ – ਕਿਹੜਾ ਸੌਂਹਰਾ ਭੰਮਬਰ ਬਣਿਆ ਤੇ ਨਾਲੇ ਕਿਹੜਾ ਸੌਂਹਰਾ ਕਹਿੰਦੈ।

ਚੌਧਰੀ – (ਐਵੇਂ ਟਪਲਾ ਮਾਰ ਕੇ) ਉੱਦਣ ਮੋਹਨ ਦੇ ਮਗਰ ਮਗਰ ਫਿਰਦਾ ਵੇਖ ਕੇ ਮੈਂ ਕਿਹਾ ਸ਼ੈਦ ਵਰਿਆਮਾ ਵੀ ਫਸ ਗਿਆ।

ਵਰਿਆਮ – ਉਹ ਤੇ ਪਰਸੋਂ ਮੈਂ ਪੱਠੇ ਲੈਣ ਤੁਰਿਆ ਜਾਂਦਾ ਸਾਂ, ਰਾਹ ਵਿੱਚ ਟੱਕਰ ਗਏ ਤੇ ਗੱਲਾਂ ਛਿੜ ਪਈਆਂ।

ਚੌਧਰੀ – (ਦਾਅ ਸਿੱਧਾ ਪੈਂਦਾ ਦੇਖ ਕੇ) ਵਰਿਆਮਿਆ, ਕਹਿੰਦੇ ਤੇ ਹੋਣੇ ਨੇ, ਪਈ ਉਨ੍ਹਾਂ ਦੀ ਸਭਾ ਵਿੱਚ ਰਲ ਜਾਹ।

ਵਰਿਆਮ – ਇਹ ਕਹਿਨੂੰ ਨਹੀਂ ਕਹਿੰਦੇ, ਚੌਧਰੀ ਸੈਹਬ!

ਚੌਧਰੀ – (ਹਸ ਕੇ ਜਿਵੇਂ ਸਰਸਰੀਗਲ ਪੁਛ ਰਿਹਾ ਹੁੰਦਾ ਏ) ਹਛਾ, ਤੂੰ ਫੇਰ ਕੀ ਜਵਾਬ ਦਿੱਤਾ ਅੱਗੋਂ ?

ਵਰਿਆਮ – (ਮਚਲਾ ਬਣ ਕੇ) ਅਸਾਂ ਗਰੀਬਾਂ ਨੇ ਕੀ ਜਵਾਬ ਦੇਣਾ ਹੋਇਆ। ਹਾਂ ਵਿੱਚ ਹਾਂ ਮਲਾ ਛੱਡੀ ਕਿ।

ਚੌਧਰੀ – (ਦਾਅ ਖਾਲੀ ਦੇਖ ਹੁਸ਼ਿਆਰ ਹੋ) ਵਰਿਆਮਿਆ, ਝੂਠ ਨਾ ਬੋਲ ਸਾਡੇ ਕੋਲ। ਸਾਨੂੰ ਸਭ ਪਤਾ ਏ। ਦਾਈਆਂ ਕੋਲੋਂ ਪੇਟ ਗੁੱਝੇ ਰਹਿੰਦੇ ਨੇ!

ਗਾਮਾ – ਵਰਿਆਮਿਆ, ਤੇਰੇ ਲਈ ਚੰਗੀਆਂ ਗੱਲਾਂ ਨਹੀਂ। ਪੁਰਾਣੀਆਂ ਯਾਰੀਆਂ ਤੋੜ ਕੇ ਨਵੀਆਂ ਗੰਢਣ ....

ਬੰਤਾ – ਏਸ ਤਰ੍ਹਾਂ ਬੰਦੇਦੀ ਪਿਰਤ ਮਾਰੀ ਜਾਂਦੀ ਏ। ਪਿੰਡ ਵਿੱਚ ਰਹਿੰਦਿਆਂ ਆਖ਼ਰ ਸੌ ਕੰਮ ਪੈ ਜਾਂਦੇ ਨੇ।

ਗਾਮਾ – ਵੇਖ ਲੈ, ਚੌਧਰੀ ਹੋਰਾਂ ਨੇ ਤੇਰੇ ਮੁਕੱਦਮੇ ਦੀ ਕਿੰਨੀ ਪੈਰਵਾਈ ਕੀਤੀ ਸੀ। ਦਿਨ ਰਾਤ ਇੱਕ ਕਰ ਛਡਿਆ ਸੀ। ਏਸ ਤਰ੍ਹਾਂ ਅਜ ਕਲ੍ਹ ਕੋਈ ਸੱਕਾ ਨਹੀਂ ਕਰ ਸਕਦਾ।

ਵਰਿਆਮ – ਗਾਮਿਆ, ਮੁਕੱਦਮੇ ਦੀ ਗੱਲ ਤੂੰ ਰਹਿਣ ਦੇ। ਮੁਕੱਦਮੇ ਨੇ ਤਾਂ ਸਾਡਾ ਝੁੱਗਾ ਚੌੜ ਕਰ ਦਿੱਤਾ, ਨਹੀਂ ਤੇ ਕਿਸੇ ਤੋਂ ਲਈਦੇ ਸਾਂ ਅਸੀਂ। ਚੰਗਾ ਭਲਾ ਰਾਜੀ-ਨਾਮਾ ਹੋ ਚਲਿਆ .......

ਚੌਧਰੀ – ਭਈ ਬੜਾ ਗੁੱਸਾ ਕੀਤਾ ਤੂੰ ਸਾਡੀ ਗੱਲ ਦਾ। ਅਸੀਂ ਤੇ ਤੇਰੇ ਭਲੇ ਦੀ ਕਹੀ ਸੀ।

ਗਾਮਾ– ਛੱਡੋ ਪਰ੍ਹੇ ਚੌਧਰੀ ਜੀ, ਤੁਸੀਂ ਕੀ ਕੱਢਣਾ, ਪਾਉਣਾ ਇਨ੍ਹਾਂ ਗੱਲਾਂ ਚੋਂ। (ਇਕ ਪਾਸੇ) ਖੋਤੇ ਨੂੰ ਲੂਣ ਦਿਓ, ਕਹਿੰਦਾ ਮੇਰੇ ਕੰਨ ਪੁਟਤੇ ਨੇ।

ਬੰਤਾ – ਚੌਧਰੀ ਜੀ, ਭਲੇ ਦਾ ਸਮਾਂ ਹੀ ਨਹੀਂ ਰਿਹਾ।

ਚੌਧਰੀ – ਭਈ ਅਗਲਾ ਚੰਗਾ ਮੰਨੇ ਚਾਹੇ ਬੁਰਾ, ਮੇਰੀ ਤਾਂ ਆਦਤ ਏ, ਜਿਥੋਂ ਤਕ ਹੋ ਸਕੇ ਦੂਜੇ ਦਾ ਭਲਾ ਕਰਨਾ। (ਅੱਖ ਮਾਰ ਕੇ) ਬੰਤਿਆ ਤੂੰ ਵੇਂਹਦਾ ਈ ਰਹਿੰਦੈ ਕਿ ਕਿੱਦਾਂ ਹਰ ਰੋਜ਼ ਲੋਕਾਂ ਦੇ ਝਗੜੇ ਨਜਿੱਠਣ ਨਾਲ ਵਾਹ ਰਹਿੰਦੈ।

ਬੰਤਾ – ਏਹ ਕੀਹਨੂੰ ਨਹੀਂ ਪਤਾ, ਨਾਲੇ ਵਰਿਆਮਾ ਨਹੀਂ ਜਾਣਦਾ ਹੋਣਾ।

ਚੌਧਰੀ – ਵਰਿਆਮਾ ਤੇ ਮੇਰਾ ਲੰਗੋਟੀਆ ਯਾਰ ਏ। ਮਮੂਲੀ ਗਲ ਏ ਜੇ ਗੁੱਸੇ ਰਾਜੀ ਹੋ ਗਿਆ। ਹਾਲੀਆਂ ਤਾਂ ਛੱਡੀਂ, ਪਾਲੀਆਂ ਤਾਂ ਨਹੀਂ ਨ ਛਡ ਦੇਣੇ।

ਵਰਿਆਮ – (ਲਿਹਾਜ਼ ਵਿੱਚ) ਚੌਧਰੀ, ਮੈਂ ਵੀ ਅੱਗੇ ਤੇਰਾ ਕਹਿਣਾ ਨਹੀਂ ਸਾਂ ਮੋੜਦਾ।

ਚੌਧਰੀ – ਮੈਂ ਵੀ ਵਰਿਆਮਿਆ, ਲਗਦੀ ਵਾਹ, ਜਦ ਕਦ ਕੀਤਾ ਹੋਵੇਗਾ, ਤੇਰਾ ਈ ਭਲਾ ਕੀਤਾ ਹੋਵੇਗਾ। (ਲਹਿਜਾ ਬਦਲ) ਵੇਖ ਕੇ ਵਰਿਆਮਿਆ, ਸਾਡਾ ਮਤਲਬ ਤਾਂ ਤੈਨੂੰ ਨੇਕ ਸਲਾਹ ਦੇਣ ਦਾ ਏ, ਅਗੋਂ ਕਰਨੀ ਕਰਾਓਣੋ ਤੂੰ ਆਪਣੀ ਮਰਜੀ ਏ, ਮੈਂ ਤੈਨੂੰ ਵੇਲੇ ਸਿਰ ਦੱਸ ਛਡਦਾਂ, ਵੇਖੀਂ ਕਿਤੇ ਉਹਦੀਆਂ ਚਾਲਾਂ ਵਿੱਚ ਨਾ ਆ ਜਾਵੀਂ। ਬੜਾ ਚਲਾਕ ਏ। ਤੂੰ ਏਂ ਸਿੱਧਾ ਬੰਦਾ, ਅੰਦਰੋਂ ਬਾਹਰੋਂ ਇਕ। ਓਹਨੂੰ ਲੱਗੀ ਹੋਈ ਏ ਸ਼ਹਿਰ ਦੀ ਵਾ।

ਗਾਮਾ – ਗੱਲਾਂ ਵੇਖਿਆ ਈ ਕਿੱਦਾਂ ਕਰਦੇ, ਐਨ ਬਲਿਸ਼ਟਰ ਦੇ ਮੁਨਸ਼ੀ ਵਾਂਗ, ਮਿੱਠੀਆਂ ਮਿੱਠੀਆਂ ਪਰ ਮੋਮੋਠਗਣੀਆਂ।

ਵਰਿਆਮ – ਚੌਧਰੀ, ਇਹ ਤਾਂ ਤੈਨੂੰ ਵੀ ਮੰਨਣਾ ਪਵੇਗਾ,ਗੱਲਾਂ ਬੜੀਆਂ ਸਿਆਣੀਆਂ ਕਰਦਾ ਜੇ।

ਬੰਤਾ – ਸਿਆਣੀਆਂ ਗੱਲਾਂ ਨਾ ਕਰੇ ਤਾਂ ਤੇਰੇ ਵਰਗੇ ਬਟੇਰੇ ਕਿੱਦਾਂ ਫਸਣ।

ਚੌਧਰੀ – ਸੁਣ ਓਇ ਵਰਿਆਮਿਆ, ਸਾਰਿਆਂ ਨੂੰ ਆਪਣੇ ਵਾਂਗ ਨਾ ਸਮਝ ਛੱਡੀਂ। ਅਸੀਂ ਪੇਂਡੂ ਆਂ ਭੋਲੇ, ਹਸਾਨਮੰਦ ਤੇ ਕੋਰੇ। ਸ਼ਹਿਰੀਏ ਹੁੰਦੇ ਨੇ ਚਲਾਕ, ਮਤਲਬੀ ਤੇ ਫਰੇਬੀ। ਜਮੀਨ ਅਸਮਾਨ ਦਾ ਫਰਕ ਜੇ।

ਵਰਿਆਮ – ਉਸ ਵਲ–ਛਲ ਕੀ ਕਰਨਾ ਸਾਡੇ ਨਾਲ। ਕੋਈ ਭੁਖਿਆਂ ਨੰਗਿਆਂ ਦਾ ਪੁਤਰ ਏ!

ਚੌਧਰੀ – ਭਲਿਆ ਲੋਕਾ,ਤੂੰ ਅਜੇ ਦੁਨੀਆਂ ਨੂੰ ਨਹੀਂ ਸਮਝ ਸਕਦਾ। ਕੀ ਹੋਇਆ ਜੇ ਚਾਰ ਅੱਖਰ ਪੜ੍ਹ ਲਏ ਤੇ ਅਖੀਰ ਤਾਂ ਰਾਮੂ ਸ਼ਾਹ ਦਾ ਪੁੱਤਰ ਏ ਨਾ, ਸੱਪ ਦਾ ਬੱਚਾ ਸਪੋਲੀਆ।

ਗਾਮਾ – ਚੌਧਰੀ ਹੋਰਾਂ ਦੀ ਗੱਲ ਬਿਲਕੁਲ ਠੀਕ ਏ, ਜ਼ਰੂਰ ਕਿਸੇ ਮਾਰ ਤੇ ਬੈਠੈ।

ਚੌਧਰੀ – ਮੈਨੂੰ ਤਾਂ ਕਿਸੇ ਅੜੀ ਅਸੈਂਬਲੀ ਦੀ ਮਿੰਬਰੀ ਲਈ ਸਾਰਾ ਅਸਟੰਡ ਰਚਿਆ ਜਾਪਦੈ। ਵਰਿਆਮਿਆ, ਦੁਨੀਆਂ ਮਤਲਬ ਦੀ ਏ ਤੂੰ ਆਪ ਸਿਆਣੈਂ, ਦਸ ਪਈ ਕਿਸੇ ਦੀ ਖਾਤਰ ਕੌਣ ਟੁਟ ਟੁਟ ਕੇ ਮਰਦਾ ਅਜ ਕਲ੍ਹ।

ਗਾਮਾ – ਵਰਿਆਮਿਆ, ਏਹ ਲਚਕਰ ਈ ਕਰਨਾ ਜਾਣਦੇ ਨੇ, ਹੋਰ ਇਨ੍ਹਾਂ ਦੇ ਹੱਥ ਪੱਲੇ ਕੁਝ ਨਹੀਂ ਜੇ ਹੁੰਦਾ।

ਬੰਤਾ – ਵਰਿਆਮਿਆ, ਇਹ ਜਬਾਨੀ ਜਮਾਂ–ਖਰਚ ਕਰਨਾ ਜਾਣਦੇ ਨੇ ਹੋਰ ਐਡਾ ਲੰਮਾ ਇਨ੍ਹਾਂ ਨੂੰ ਦਰਦ ਕੋਈ ਨਹੀਂ ਸਾਡਾ।

ਵਰਿਆਮ – ਚੌਧਰੀ, ਤੇਰਾ ਕੀ ਖਿਆਲ ਏ ਪਈ ਮੋਹਨ ਦੀਆਂ ਗੱਲਾਂ ਸਭ ਝੂਠੀਆਂ ਨੇ।

ਚੌਧਰੀ – ਸਭ ਹਵਾਈ ਕਿਲ੍ਹੇ। ਤੂੰ ਨਹੀਂ ਸਮਝਦਾ ਇਨ੍ਹਾਂ ਲੋਕਾਂ ਨੂੰ। ਏਹ ਬੜੀਆਂ ਡੂੰਘੀਆਂ ਚਾਲਾਂ ਚਲਦੇ ਨੇ। ਏਹ ਲੀਡਰ ਸ਼ੀਡਰ ਸਭ ਠੱਗ ਹੁੰਦੇ ਨੇ।

ਗਾਮਾ – ਘਰ ਐਸ਼ਾਂ ਕਰਦੇ ਨੇ, ਜਲਸਿਆਂ ਵਿੱਚ ਜਾ ਕੇ ਵਰਦੀਆਂ ਬਦਲ ਲੈਂਦੇ ਨੇ।

ਬੰਤਾ – ਜਿੰਨੇ ਉਤੋਂ ਸਫੈਦ –ਪੋਸ਼ ਨੇ, ਉੱਨੇ ਅੰਦਰੋਂ ਕਾਲੇ ਨੇ।

ਚੌਧਰੀ – (ਵਰਿਆਮੇ ਦੇ ਮੋਢੇ ਤੇ ਹਥ ਰਖ ਕੇ) ਤੂੰ ਮੈਨੂੰ ਇਹ ਦਸ, ਪਈ ਸਾਡਾ ਕਿਸੇ ਕੀ ਸੁਧਾਰ ਕਰਨਾ। ਕੀ ਹੋਇਆ ਏ ਸਾਨੂੰ? ਕੰਮ ਕਰਦੇ ਆਂ ਤੇ ਰੋਟੀ ਖਾਂਦੇ ਆਂ। ਨਾਲ ਰੱਬ ਦੇ ਦਿੱਤਿਆਂ ਰੱਜੀਦਾ ਏ ਕਿ। ਭਲਿਆ ਲੋਕਾ, ਜ਼ਿਮੀਂਦਾਰਾਂ ਨੂੰ ਕਿਸੇ ਕੀ ਦੇਣਾ। ਇਹ ਤਾਂ ਆਪ ਰਿਜ਼ਕ–ਦਾਤਾ ਹੋਇਆ। ਏਹ ਸਮਝ ਛਡ, ਜੋ ਕੋਈ ਵੀ ਹੈ, ਖਾਊ ਯਾਰ ਏ। ਵਰਿਆਮਿਆ, ਜ਼ਮਾਨਾ ਚਾਰ ਸੌ ਵੀਹ ਦਾ ਈ। ਸਾਧਾਂ ਦੇ ਭੇਸ ਵਿੱਚ ਚੋਰ ਫਿਰਦੇ ਨੇ।

ਗਾਮਾ – ਸਚ ਮੁਚ ਪੂਰਾ ਚਾਰ ਸੌ ਵੀਹ ਜੇ। ਚੌਧਰੀ, ਮੈਂ ਤਾਂ ਉੱਦਣ ਦੇਖਿਆ।

ਚੌਧਰੀ – (ਅੱਖ ਮਾਰ ਕੇ) ਉਸ ਦਿਨ ਨਹੀਂ ਸੀ ਦੇਖਿਆ ਤਾਰੋ ਦੇ ਘਰ ਉਹਦਾ ਕੀ ਮਤਲਬ ਰੰਡੀ ਤੀਵੀਂ ਦੇ ਘਰ ਅੱਧੀ ਰਾਤ ਨੂੰ।

ਵਰਿਆਮ – ਉਹਦੀ ਪਿਠ ਸੁਣਦੀ ਏ, ਉਹ ਨਹੀਂ ਏਹੋ ਜਿਹਾ ਬੰਦਾ।

ਚੌਧਰੀ – (ਜ਼ੋਰ ਨਾਲ ਹਸ ਕੇ) ਸਚ ਮੁਚ ਜ਼ਿਮੀਂਦਾਰ ਜੇਹਾ ਵੀ ਕੋਈ ਭੋਲਾ ਬੰਦਾ ਨਹੀਂ ਜੇ ਹੋਣਾ, ਜਿਨ ਲਾਈ ਗੱਲੀਂ, ਉਹਦੇ ਨਾਲ ਉਠ ਚੱਲੀ। ਏਹ ਹਸਾਬ ਏ।

ਵਰਿਆਮ – ਤੂੰ ਉਹਨੂੰ ਬੁਰਾ ਬਨਾਉਣੈ, ਉਹ ਤੇਰੇ ਕੰਮਾਂ ਨੂੰ ਚੰਗਾ ਨਹੀਂ ਸਮਝਦਾ।

ਚੌਧਰੀ – (ਬੜੇ ਗੁੱਸੇ 'ਚ) ਸੁਣਿਆ ਗਾਮਿਆ, ਮੈਂ ਤੈਨੂੰ ਆਖਿਆਸੀ ਨਾ, ਉਹ ਹਰ ਵੇਲੇ ਸਾਡੇ ਨਾਲ ਲਾਗ-ਬਾਜੀ ਦੀਆਂ ਗੱਲਾਂ ਕਰਦਾ ਏ।

ਗਾਮਾ – ਫੇਰ ਹੋਇਆ ਕੀ ਚੌਧਰੀ ਜੀ, ਅਸੀਂ ਤਾਂ ਨਾਨੀ ਚੇਤੇ ਕਰਾ ਦਿਆਂਗੇ। ਸੜੇ ਸੁਧਾਰ ਵਿੱਚ ਈ ....

ਬੰਤਾ – ਐਸੀ ਤੈਸੀ ਸਾਡੇ ਨਾਲ ਲਾਗ-ਬਾਜੀਆਂ ਕਰਨ ਵਾਲੇ ਦੀ। ਫੜ ਕੇ ਢਿੱਲਾ ਕਰ ਦਿਆਂਗੇ ਦਿਨਾਂ ਅੰਦਰ।

ਚੌਧਰੀ – ਚਲੋ ਓਇ ਮੁੰਡਿਓ, ਇਹਦੀਆਂ ਲੀਡਰੀਆਂ ਵਿੱਚ ਨਾ ਗੁਸੇੜ ਦਿੱਤੀਆਂ ਸਾਨੂੰ ਕੀ ਸਮਝੇਗਾ।

ਚੌਧਰੀ ਇਸ਼ਾਰੇ ਨਾਲ ਆਪਣੇ ਏਜੰਟਾਂ ਨੂੰ ਲੈ ਜਾਂਦਾ ਹੈ।

ਉਮਰਾ – (ਜਾਣ ਪਿੱਛੋਂ) ਚੋਰ ਉਚੱਕਾ ਚੌਧਰੀ ਤੇ ਗੁੰਡੀ ਰੰਨ ਪਰਧਾਨ।

ਵੱਡਾ ਹਾਤਮਤਾਈ, ਜਿੱਦਾਂ ਕੋਈ ਜਾਣਦਾ ਨਹੀਂ ਏਹਨੂੰ।

ਗੰਡਾ – ਵਰਿਆਮਿਆ, ਚੁਪ ਕਿਉਂ ਕਰ ਗਿਆਂ ਏਂ, ਗਮ ਨਾ ਕਰ ਕਿਸੇ ਗੱਲ ਦਾ, ਫੋਕੀਆਂ ਫੜਾਂ ਨੇ ਸਾਰੀਆਂ।

ਉਮਰਾ– ਏਹਨੂੰ ਅਜੇ ਤਕ ਟੱਕਰਿਆ ਨਹੀਂ ਕੋਈ ਬਦਮਾਸ਼ ਕਿਸੇ ਥਾਂ ਦਾ, ਗਰੀਬ ਜਨਾਨੀਆਂ ਤੇ ਝੂਠੇ ਅਲਜਾਮ ਲਾਉਂਦੈ। ਤਾਰੋ ਵਰਗੀ ਤੇ ਸਾਡੇ ਪਿੰਡ ਵਿੱਚ ਕੋਈ ਭਲੀ ਤੀਵੀਂ ਨਹੀਂ। ਵਰਿਆਮਿਆ, ਇਹ ਬੜਾ ਸ਼ੈਤਾਨ ਦਾ ਚਰਖੈ, ਮੋਹਨ ਦੇ ਉਲਟ ਤੈਨੂੰ ਭੜਕਾਉਂਦਾ ਏ। ਦੇਖੀਂ ਕਿਤੇ ...

ਵਰਿਆਮ – ਮੈਂ ਨਹੀਂ ਏਹਦੀਆਂ ਚਾਲਾਂ ਵਿੱਚ ਆਉਂਦਾ।

ਗੰਡਾ – ਲੈ ਭਈ ਦਖ ਲੈ ਚੋਰ ਨੂੰ ਆਪਣਾ ਈ ਪਾਲਾ ਮਾਰਦੈ। ਮੋਹਨ ਤੇ ਸੂਬੇਦਾਰ ਨੂੰ ਆਉਂਦਾ ਦੇਖ ਕੇ ਖਿਸਕਿਆ ਜੇ।

ਉਮਰਾ – ਮੈਂ ਤਨੂੰ ਆਖਿਆ ਸੀ ਨਾ, ਵਰਿਆਮਿਆ, ਪਈ ਉਤੋਂ ਜਿੰਨੀਆਂ ਮਰਜ਼ੀ ਐਫੜਾਂ ਪਿਆ ਮਾਰੇ, ਵਿੱਚੋਂ ਯਰਕਦਾ ਏ ਮੋਹਨ ਕੋਲੋਂ।

ਮੋਹਨ ਤੇ ਸੂਬੇਦਾਰ ਆਉਂਦੇ ਹਨ। ਸਭ ਖ਼ੁਸ਼ ਹੋ ਜਾਂਦੇ ਹਨ। ਸੂਬੇਦਾਰ ਜੜ੍ਹ ਤੇ ਬੈਠ ਜਾਂਦਾ ਹੈ। ਮੋਹਨ ਏਧਰ ਓਧਰ ਇਕ-ਇਕ ਚੀਜ਼ ਬੜੇ ਗਹੁ ਨਾਲ ਵੇਖ ਕੇ ਗਭਰੂਆਂ ਦੀ ਇਕ ਢਾਣੀ ਵਲ ਚਲਾ ਜਾਂਦਾ ਹੈ।

ਸੂਬੇਦਾਰ – ਮੀਆਂ ਉਮਰ ਦੀਨਾ, ਫਸਲ ਵਾੜੀ ਦਾ ਹਾਲ ਸੁਣਾ।

ਉਮਰਾ – ਕਾਹਦਾ ਹਾਲ ਏ, ਸੂਬੇਦਾਰਾ! ਹਾੜ ਹਰੇ ਨਾ ਸੌਣ ਸੁਕੇ, ਰੰਡੀ-ਰੋਣਾ ਈ ਰਹਿੰਦਾ ਏ ਬਾਰਾਂ ਮਹੀਨੇ।

ਸੂਬੇਦਾਰ – ਭਈ ਤੁਸੀਂ ਨ ਕਦੇ ਮੰਨੇ। ਯਾਰ ਇਸ ਸਾਲ ਤੇ ਗੁੜ ਸ਼ੱਕਰ ਵੀ ਅਠ ਨੌਂ ਰੁਪਏ ਹੋ ਗਿਆ ਹੈ। ਹੋਰ ਕਿਆ ਮੰਗਦੇ ਹੋ। ਰੱਬ ਪਾਸੋਂ।

ਗੰਡਾ – ਸੂਬੇਦਾਰ ਵੀ ਭੋਲੀਆਂ ਗੱਲਾਂ ਕਰਦੇ। ਸਾਡੇ ਵਲੋਂ ਭਾਵੇਂ ਹੁਣ ਵੀਹ ਰੁਪਏ ਹੋ ਜਾਏ, ਸਾਨੂੰ ਕੀ, ਫੈਦਾ ਬਾਣੀਆਂ ਨੂੰ ਹੋਊ, ਜਿਨ੍ਹਾਂ ਅੰਦਰ ਭਰੇ ਹੋਏ ਨੇ।ਜਦੋਂ ਸਾਡੇ ਕੋਲ ਸੀ, ਉਦੋਂ ਤੇ ਸਾਰਾ ਲਾ ਪਾ ਕੇ ਚਾਰ ਪੰਜ ਰੁਪਏ ਸੀ ਨਾ।

ਸੂਬੇਦਾਰ – ਭਈ ਤੁਸੀਂ ਇਸਮਾਫਕ ਨਾ ਨਾ ਕਰਿਆ ਕਰੋ। ਦੇਖ ਕੇ ਵੇਚਿਆ ਕਰੋ।

ਉਮਰਾ – ਸੂਬੇਦਾਰਾ, ਮਾਮਲੇ ਕਿੱਥੋਂ ਤਾਰੀਏ? ਸਾਡਾ ਤੇ ਸਾਰਾ ਟੂੰਬ ਛੱਲਾ ਵੀ ਬਿਲੇ ਲਗ ਗਿਆਏ। ਨਾਲੇ ਭਾ ਦਾ ਕੀ ਪਤਾ ਹੁੰਦੈ। ਇਹ ਸੌਹਰਾ ਕੇਹੜਾ ਜਟ ਦੀ ਕਿਸਮਤ ਵਾਂਗ ਇਕ-ਸਾਰ ਰਹਿੰਦੈ।

ਖਿਝੇ ਹੋਏ ਜ਼ਿਮੀਂਦਾਰ ਸੂਬੇਦਾਰ ਦੇ ਗਲ ਪੈ ਜਾਂਦੇ ਹਨ।

ਵਰਿਆਮ – ਜਿਹਦੀ ਕੋਠੀ ਦਾਣੇ, ਉਹਦੇ ਕਮਲੇ ਵੀ ਸਿਆਣੇ। ਸੂਬੇਦਾਰਾ ਤੈਨੂੰ ਗੱਲਾਂ ਆਉਂਦੀਆਂ ਨੇ। ਮਹੀਨੇ ਦੇ ਮਹੀਨੇ ਅੱਸੀ ਰੁਪਏ ਜੂ ਵਟੋਰ ਲੈਂਦੈਂ। ਜ਼ਰਾ ਹਲ ਵਾਹੁਣਾ ਪੈ ਜਾਏ, ਸਾਰੀਆਂ ਗੱਲਾਂ ਭੁਲ ਜਾਣ।

ਗੰਡਾ – ਸੂਬੇਦਾਰਾ, ਕਹਿਣਾ ਸੌਖਾ, ਕਰਨਾ ਬੜਾ ਔਖਾ। ਇਹ ਭੀ ਸਾਨੂੰ ਪਤਾ ਜਾਂ ਸਾਡੇ ਰੱਬ ਨੂੰ, ਕਿਸ ਤਰ੍ਹਾਂ ਮ+ ਪਿਟ ਕੇ ਰੋਟੀ ਕਮਾਉਂਦੇ ਆਂ।

ਕੇਸਰ – ਸੂਬੇਦਾਰਾ, ਐਡੀ ਛੇਤੀ ਪੁਰਾਣੇ ਦਿਨ ਭੁਲ ਗਿਆ ਏਂ, ਅਜੇ ਕਲ੍ਹ ਸਾਡੇ ਵਾਂਗ ਸੰਢੇ ਕੁਟਦਾ ਘਰੋਂ ਨਿਕਲਿਆ ਸੈਂ।

ਬਿਸ਼ਨਾ – ਭਈ ਏਹ ਤਾਂ ਆਪਣੀ ਆਪਣੀ ਪਰਾਲਭਤ ਏ ਨਾ। ਸੂਬੇਦਾਰ ਕਿਸਮਤ ਦਾ ਬਲੀ ਜੇ।

ਸੂਬੇਦਾਰ – ਭਰਾਵੋ, ਏਹ ਸਭ ਮਿਹਨਤਾਂ ਦੇ ਫਲ ਹੈਨ। ਉਨੱਤੀ ਸਾਲ ਸਰਕਾਰ ਦੀ ਖਿਦਮਤ ਕੀਤੀ ਹੈ, ਤਾਂ ਜਾ ਕੇ ਕਿਤੇ ਇਸ ਪਾਏ ਨੂੰ ਪੁੱਜਾ ਹਾਂ।

ਵਰਿਆਮ – ਸਾਡੇ ਕਰਮਾਂ ਨੂੰ ਹੁਣ ਤੇ ਸੌਹਰੀ ਲੜਾਈ ਵੀ ਨਹੀਂ ਲਗਦੀ।

ਗੰਡਾ – ਲੜਾਈ ਲਗ ਵੀ ਪਈ ਤਾਂ ਤੈਨੂੰ ਬੁਢੇ ਨੂੰ ਕਿਸ ਭਰਤੀ ਕਰਨਾ ਏਂ।

ਵਰਿਆਮ – (ਦਾੜ੍ਹੀ ਤੇ ਹੱਥ ਫੇਰ ਕੇ) ਬੁੱਢਾ ਕਿਧਰੋਂ ਹੋ ਗਿਆ ਮੈਂ!

ਉਮਰਾ – ਅਜੇ ਤੇ ਇਸ ਵਿਆਹ ਕਰਾਉਣਾ ਈ।

ਸੂਬੇਦਾਰ ਉਠ ਕੇ ਚਲਾ ਜਾਂਦਾ ਹੈ

ਵਰਿਆਮ – ਸੂਬੇਦਾਰ ਵੀ 'ਇਸ ਮਾਫਕ' ਕਹਿਣਾ ਜੋਗਾ, ਐਡੀ ਲੰਮੀ ਸਮਝ ਕੋਈ ਨਹੀਂ।

ਗੰਡਾ – ਓਇ, ਸੂਬੇਦਾਰ ਤਾਂ ਫੇਰ ਸਿਆਣਾ ਏ, ਪਲਟਣੀਏਂ ਤਾਂ ਨਿਰੇ ਖੋਤੇ ਹੁੰਦੇ ਨੇ। ਚਾਹਾਂ ਪਲਾ ਪਲਾ ਤੇ ਪਰੇਟਾਂ ਕਰਾ ਕਰਾ ਅਗਲੇ ਡਮਾਕ ਵਿਗਾੜ ਛਡਦੇ ਨੇ ਕਿ।

ਮੋਹਨ ਆਉਂਦਾ ਹੈ। ਗੰਡਾ ਝਟ ਪਟ ਹੇਠ ਮੈਲੀ ਜਿਹੀ ਖੇਸੀ ਵਿਛਾ ਦਿੰਦਾ ਹੈ। ਉਸਦਾ ਪ੍ਰੇਮ ਦੇਖ ਮੋਹਨ ਬੈਠ ਜਾਂਦਾ ਹੈ।

ਮਨ – ਵਰਿਆਮ, ਅਜ ਤੇ ਬੜਾ ਚੁਪ ਚਾਪ ਬੈਠਾ ਏਂ। ਸੁਖ ਤਾਂ ਹੈ?

ਉਮਰਾ – ਚੌਧਰੀ ਮੰਧੇ ਦੇ ਕੁਝ ਰੋਹਬ ਕੱਲੇ ਆ ਗਿਆ ਸ਼ੈਂਤ।

ਮਨ – ਵਰਿਆਮ।

ਵਰਿਆਮ – (ਗੱਲ ਬਦਲਾਉਣ ਲਈ ਝਟ ਪਟ) ਬਾਊ ਜੀ, ਰੋਜ ਹੀ ਤੁਸੀਂ ਆਖ ਛਡਦ ਓ ਲੜਾਈ ਛਿੜਨ ਵਾਲੀ ਏ, ਕਿਤੇ ਛਿੜਦੀ ਨਾ ਵਾਸਤਾ।

ਮਨ– ਵਰਿਆਮ, ਸਾਰੀ ਦੁਨੀਆਂ ਤੁਹਾਡੇ ਵਾਂਗ ਕਮਲੀ ਨਹੀਂ, ਪਈ ਘੜੀ 'ਚ ਡਾਂਗੋ ਡਾਂਗੀ ਹੋ ਪਏ। ਅਗਲੇ ਸੌ ਸੋਚਾਂ ਸੋਚਦੇ ਨੇ।

ਉਮਰਾ – ਬਾਬੂ ਜੀ, ਏਹਨੂੰ ਭੇਜ ਦਿਓ ਚੀਨ ਜਪਾਨ ਦੀ ਲੜਾਈ ਵਿੱਚ, ਬੜਾ ਡੰਗ ਜੇ।

ਮਨ – ਤਾਂ ਤੇ ਭਈ, ਵਰਿਆਮ ਤਿਆਰ ਬੈਠਾ ਭਰਤੀ ਹੋਣ ਲਈ।

ਵਰਿਆਮ – ਮੈਂ ਤਾਂ ਜੀ ਦੋ ਵੇਲੇ ਹੱਥ ਜੋੜਦਾਂ ਪਈ ਕਿਤੇ ਲਾਮ ਲੱਗੇ ਤਾਂ ਇਸ ਨਰਕ ਚੋਂ ਛੁਟੀਏ।

ਮਨ – (ਹਸ ਕੇ) ਅਜ ਛੰਭ ਵਿੱਚ ਜੋਤਰਾ ਤੇ ਨਹੀਂ ਲਾਉਣਾ ਪੈ ਗਿਆ ਕੱਸ ਕੇ?

ਗੰਡਾ – ਨਹੀਂ ਜੀ, ਘਰ ਭਾਬੀ ਲੜ ਪਈ ਏ।

ਵਰਿਆਮ – ਨਹੀਂ ਤੇ ਬਾਊ ਜੀ, ਮੈਨੂੰ ਕੋਈ ਮਾੜੀ ਮੋਟੀ ਨੌਂਕਰੀ ਲਭ ਦਿਓ ਸ਼ਹਿਰ ਵਿੱਚ, ਖੇਤੀ ਤਾਂ ਮੈਂ ਛੱਡ ਦੇਣੀ ਏ।

ਮਨ – ਕਿਉਂ ਭਈ, ਵਾਹੀ ਕਿਉਂ ਛਡ ਦੇਣੀ ਏ?

ਵਰਿਆਮ – ਬਣਦਾ ਕੁਝ ਨਹੀਂ ਜੀ, ਹਾਰ ਗਏ ਆਂ। ਬਥੇਰਾ ਨਰਕ ਭੋਗ ਲਿਆ ਏ।

ਉਮਰਾ – ਜੀ, ਏਹਨੂੰ ਜ਼ਰੂਰ ਛਡ ਆਓ ਕਿਸੇ ਸ਼ਹਿਰ ਵਿੱਚ। ਇਹਦਾ ਜੀ ਨਹੀਂ ਲਗਦਾ ਹੁਣ ਪਿੰਡਾਂ ਵਿੱਚ, ਰੋਜ ਗਾਉਂਦਾ ਰਹਿੰਦਾ ਏਂ — ਸ਼ਹਿਰ ਕਿਸੇ ਚਲ ਵੱਸੀਏ, ਵਸਣ ਪਿੰਡਾਂ ਦਾ ਖੋਟਾ।

ਗੰਡਾ – ਹੁਣ ਤਾਂ ਜੇ ਕੋਈ 'ਘਰ ਵਾਲੀ' ਟੱਕਰ ਗਈ, ਤਾਹੀਓਂ ਰਹੇਗਾ। ਉਂਜ ਨਹੀਂ ਰਹਿਣਾ ਇਸ।

ਮਨ – ਵਰਿਆਮ, ਘਰ ਵਰਗੀ ਕੋਈ ਥਾਂ ਨਹੀਂ। ਘਰ ਸਭ ਤੋਂ ਉੱਤਮ, ਭਾਵੇਂ ਪੂਰਬ ਭਾਵੇਂ ਪੱਛਮ। ਨਾਲੇ ਸ਼ਹਿਰ ਵਿੱਚ ਤੈਨੂੰ ਕੇਹੜਾ ਕਿਸੇ ਕੁਰਸੀ ਤੇ ਬੈਠਾ ਛਡਣਾ ਏਂ। ਟੋਕਰੀ ਈ ਢੋਣੀ ਪੈਣੀ ਏਂ।

ਗੰਡਾ – ਅਖੇ ਚਮਾਰ ਗਿਆ ਪਵਾਰ, ਉਹਨੂੰ ਉਥੇ ਵੀ ਵਿਗਾਰ, ਏਹ ਲੇਖਾ ਸਾਡਾ ਏ।

ਕੇਸਰ – ਆਹੋ ਜੀ, ਭੱਜਾ ਭੱਜਾ ਜਾਹ ਤੇ ਕਰਮਾਂ ਦਾ ਖੱਟਿਆ ਖਾਹ। ਭਲਿਆ ਲੋਕਾ, ਘਰ ਦੀ ਅੱਧੀ ਬਾਹਰ ਦੀ ਸਾਰੀ ਇਕ ਬਰੋਬਰ ਹੁੰਦੀ ਏ। ਮੈਂ ਦੇਖ ਆਇਆਂ ਕੋਟੇ ਜਾ ਕੇ, ਬੁਰੇ ਹਾਲ ਤੇ ਬੌਂਕੇ ਦਿਹਾੜੇ।

ਮਨ – ਸੁਣਿਆਂ ਈ ਵਰਿਆਮ, ਹਰ ਥਾਂ ਇਹੋ ਹਾਲ ਏ। ਸ਼ਹਿਰੀਏ ਵੀ ਰੋਂਦੇ ਨੇ। ਉਨ੍ਹਾਂ ਦੀ ਖ਼ੁਸ਼ਹਾਲੀ ਵੀ ਤੁਹਾਡੇ ਸਿਰ ਤੇ ਜੇ।

ਵਰਿਆਮ – ਸਿਲਮੇਂ ਦੇਖਦੇ ਨੇ, ਮੌਜਾਂ ਪਏ ਕਰਦੇ ਨੇ, ਸਾਡੇ ਵਾਂਗ ਤੇ ਨਹੀਂ ਨਾ ਮਰਦੇ। ਅਸੀਂਤਾਂ ਐਵੇਂ ਜੂਨ ਕੱਟਣ ਆਏ ਆਂ।

ਮਨ – ਵਰਿਆਮਿਆ, ਦੂਰ ਦੇ ਢੋਲ ਸੁਹਾਵਣੇ। ਆਪਣੀ ਅਕਲ ਤੇ ਪਰਾਇਆ ਧਨ ਕਈ ਗੁਣਾਂ ਵਖਾਈ ਦਿੰਦਾ ਏ। ਭਲਿਆ ਲੋਕਾ, ਪਰਾਈ ਚਾਕਰੀ ਹੁੰਦੀ ਏ। ਤੁਸੀਂ ਤੇ ਪਿੰਡਾਂ ਵਿੱਚ ਬਾਦਸ਼ਾਹ ਓ।

ਵਰਿਆਮ – (ਜ਼ੋਰ ਨਾਲ ਹਸ ਕੇ) ਅਖੇ ਸਿਰੋਂ ਪੈਰੋਂ ਨੰਗੇ ਆਂ ਤੇ ਜਹਾਨ ਨਾਲੋਂ ਚੰਗੇ ਆਂ। ਬਾਊ ਜੀ, ਡੰਗ ਦੀ ਡੰਗ ਰੋਟੀ ਤਾਂ ਨਸੀਬ  ਨਹੀਂ ਹੁੰਦੀ। ਬਾਦਸ਼ਾਹ ਅਸੀਂ ਕਿਧਰੋਂ ਦੇ ਹੋ ਗਏ। ਇਹ ਸਭ ਸ਼ਾਹਾਂਨੇ ਜੱਟਾਂ ਨੂੰ ਵਡਿਆਉਣ ਲਈ ਗਲਾਂ ਬਣਾਈਆਂ ਹੋਈਆਂ ਜੇ।

ਮਨ – ਵਰਿਆਮ, ਪੈਸੇ ਨਾਲ ਨਹੀਂ ਕੋਈ ਅਮੀਰ ਬਣਦਾ, ਦਿਲ ਬਾਦਸ਼ਾਹ ਹੋਣੇ ਚਾਹੀਦੇ ਨੇ।

ਵਰਿਆਮ – ਸਾਡੇ ਕੋਲੋਂ ਤਾਂ ਫ਼ਕੀਰ ਫੁਕਰੇ ਚੰਗੇ ਨੇ, ਜੇਹੜੇ ਰਾਤ ਨੂੰ ਤਾਂ ਬੇਫਿਕਰ ਹੋ ਕੇ ਸੌਂਦੇ ਨੇ। ਗਾਂ ਨਾ ਵੱਛੀ ਤੇ ਨੀਂਦ ਆਵੇ ਅੱਛੀ।

ਮਨ – ਛੱਡ ਯਾਰ, ਉਹ ਹਰਾਮਖੋਰ ਤੁਹਾਡੇ ਨਾਲੋਂ ਕਿਵੇਂ ਚੰਗੇ ਹੋ  ਸਕਦੇ ਨੇ। ਢਿਡ ਭਰਨ ਦਾ ਕੀ ਏ, ਖੋਤਾ ਨਹੀਂ ਭਰ ਲੈਂਦਾ?

ਵਰਿਆਮ – ਤੇ ਬਾਬੂ ਜੀ, ਅਸੀਂ ਤਾਂ ਖੋਤਿਆਂ ਨਾਲੋਂ ਵੀ ਭੈੜੇ ਹੋਏ ਕਿ, ਜਿਨ੍ਹਾਂ ਨੂੰ ਸਾਰਾ ਦਿਨ ਜਾਨ ਮਾਰਨ ਪਿਛੋਂ ਰੋਟੀ ਵੀ ਨਸੀਬ ਨਹੀਂ ਹੁੰਦੀ।

ਦਰਦੀ ਨੂੰ ਦੇਖ ਸਾਰੇ ਆਪਣਾ ਆਪਣਾ ਦੁਖ ਫੋਲਣ ਲਗ ਜਾਂਦੇ ਹਨ।

ਗੰਡਾ – ਬਾਊ ਜੀ, ਵਰਿਆਮਾ ਸੱਚ ਕਹਿੰਦਾ ਏ, ਮੈਂ ਆਪਣੀ ਦਸਦਾਂ। ਮੈਂ ਤੇ ਮੇਰੇ ਮੁੰਡੇ ਘਰ ਦੇ ਛੇ ਕਮਾਊ ਬੰਦ ਆਂ।ਸਾਰਾ ਸਾਲ ਮਿੱਟੀ ਵਿੱਚ ਮਿੱਟੀ ਹੋ ਰਹੀਦਾ ਏ। ਪਿੱਛੋਂ ਜਾ ਕੇ ਲੜ ਪੂਰੇ ਨਹੀਂ ਹੁੰਦੇ।

ਉਮਰਾ – ਜ਼ਰਾ ਮੇਰੀ ਵੀ ਸੁਣ ਲਓ। ਅਸੀਂ ਘਰ ਦੇ ਚਾਰ ਪੰਜ ਜੀ ਆਂ। ਸਾਰੇ ਜਾਨ ਤੋੜ ਕੇ ਕੰਮ ਕਰਦੇ ਆਂ। ਸੌਣੀ ਵਿੱਚ ਚਾਰ ਮਣ ਛੱਲੀਆਂ ਹੋ ਗਈਆਂ ਸਨ। ਤੁਹਾਨੂੰ ਪਤਾ ਏ ਐਤਕਾਂ ਮੀਂਹ ਤੇ ਵਰ੍ਹਿਆਂ ਨਹੀਂ। ਕਣਕ ਬੀਜ ਨਹੀਂ ਹੋਈ, ਜੇਹੜੀ ਮਾੜੀ ਮੋਟੀ ਉਗੀ ਸੀ, ਉਹ ਉਂਜ ਸੋਕੇ ਨੇ ਮਾਰ ਲਈ। ਤੂੜੀ ਹੁਣ ਤੋਂ ਲੈ ਕੇ ਚਾਰਦੇ ਆਂ। ਅਗੇ ਨੂੰ ਕੋਈ ਆਸ ਨਹੀਂ। ਪੱਠਿਆਂ ਦੇ ਤੋੜੇ ਕਰ ਕੇ ਲਵੇਰਾ ਵੀ ਕੋਈ ਨਹੀਂ ਰੱਖਿਆ। ਸਾਲ ਢੁਕ ਚਲਿਆ, ਚੋਪੜੀ ਰੋਟੀ ਖਾ ਕੇ ਨਹੀਂ ਦੇਖੀ। ਦਿਨ ਦਿਹਾਰ ਨਿਆਣੇ ਤਾਂ ਮੂੰਹਾਂ ਵਲ ਵੇਖਦੇ ਨੇ। (ਅੱਖਾਂ ਭਰਕੇ) ਬਾਊ ਜੀ, ਆਪਣਾ ਦੁਖ ਝੱਲਿਆ ਜਾਂਦਾ, ਪਰ ਬੱਚਿਆਂ ਦੇ ਦੁੱਖ ਨਹੀਂ ਦੇਖੇ ਜਾਂਦੇ।

ਕੇਸਰ – ਬੱਚਾ, ਤੂੰ ਸਾਡਾ ਦਰਦੀ ਏਂ, ਤੈਥੋਂ ਕੇਹੜੀ ਗੱਲ ਦਾ ਲੁਕਾ ਏ। ਘਰ ਦਾ ਸਾਰਾ ਟੂੰਬ ਛਲਾ ਵੇਚ ਖਾਧਾ। ਚਾਰ ਘੁਮਾਂ ਸਿਆੜ ਸਨ, ਉਹ ਵੀ ਧਰ ਬੈਠੇ ਆਂ। ਪਿਉ ਦਾਦੇ ਦੀਆਂ ਕੀਤੀਆਂ ਅਸੀਂ ਭਰਦੇ ਆਂ। ਕਰਜ਼ੇ ਦੀਆਂ ਕਾਂਗਾਂ ਉਸੇ ਤਰ੍ਹਾਂ ਸਿਰ ਚੜ੍ਹੀਆਂ ਹੋਈਆਂ ਨੇ। ਅਗੇ ਬਰੋਬਰ ਦੇ ਧੀਆਂ ਪੁਤ ਵਿਆਹੁਣ ਜੋਗੇ ਹੋਏ। ਦੱਸੋ ਬਾਬੂ  ਜੀ, ਕੀਹਦੇ ਅੱਗੇ ਜਾ ਕੇ ਪਿਟੀਏ। ਕੌਣ ਸੁਣਦਾ ਏ ਸਾਡੀ (ਅੱਥਰੂ ਪੂੰਝ ਕੇ) ਕਹਿੰਦੇ ਨੇ ਪਈ ਬਾਰੀਂ ਵਰ੍ਹੀਂ ਰੂੜੀ ਦੀ ਵੀ ਸੁਣੀ ਜਾਂਦੀ ਏ। ਅਸੀਂ ਰੱਬ ਦੇ ਕੀ ਮਾਂਹ ਮਾਰ ਲਏ ਨੇ ਸਾਡੇ ਤੇ ਐਨੀ ਕਰੋਪੀ।

ਵਰਿਆਮ – ਮਂ ਤਾਂ ਆਹਨਾਂ ਰੱਬ ਛੱਬ ਕੋਈ ਚੀਜ਼ ਨਈ ਨਹੀਂ। ਵਿਹਲੇ ਢਕੌਂਸਲੇ ਬਣਾਏ ਹੋਏ ਨੇ। ਦੁਨੀਆਂ ਡਰਦਿਆਂ ਨੂੰ ਡਰਾਉਂਦੀ ਏ। ਏਹ ਕਿੱਥੋਂ ਦਾ ਨਿਆਂ ਏ, ਕਮਾਏ ਕੋਈ ਤੇ ਐਸ਼ ਕੋਈ ਕਰੇ।

ਕੇਸਰ – ਜੀ ਸਾਡੇ ਤਾਂ ਹੁਣ ਲੱਕ ਟੁੱਟ ਗਏ ਨੇ। ਕੀ ਬਣੇ? ਖੇਤੀ ਤਾਂ ਸਾਨੂੰ ਦਿਨੋ ਦਿਨ ਖਾਈ ਜਾਂਦੀ ਏ, ਸਗੋਂ ਕੰਗਾਲ ਹੁੰਦੇ ਜਾਂਦੇ ਆਂ।

ਮਨ – ਠੀਕ ਏ ਬਾਬਾ ਜੀ, ਮਾੜੇ ਬੰਦੇ ਨੂੰ ਖੇਤੀ ਖਾ ਜਾਂਦੀ ਏ, ਤੇ ਤਕੜਾ ਜ਼ਿਮੀਂਦਾਰ ਖੇਤੀ ਨੂੰ ਖਾਂਦਾ ਏ।

ਕੇਸਰ – ਤੇ ਅਸੀਂ ਕੇਹੜੀ ਗੱਲੋਂ ਘੱਟ ਕਰਦੇ ਆਂ? ਪਹਿਨਣ ਦਾ ਸਾਨੂੰ ਕੋਈ ਸੌਂਕ ਨਹੀਂ, ਖਾਂਦੇ ਪੀਂਦੇ ਅਸੀਂ ਕੁਝ ਨਹੀਂ, ਫੇਰ ਦੁਖ ਸਾਡੇ ਦਾ ਕੋਈ ਓੜਕ ਨਹੀਂ। ਦੱਸੋ, ਹੋਰ ਸਾਡੇ 'ਚ ਕੀ ਨੁਕਸ ਏ?

ਮਨ (ਮੂੰਹ ਤੇ ਰੁਮਾਲ ਫੇਰ ਕੇ) ਭਰਾਵੋ, ਮੈਨੂੰ ਕੀ ਦੱਸਦੇ ਓ। ਮੈਂ ਸਭ ਕੁਝ ਜਾਣਦਾਂ। ਮੇਰਾ ਤੇ ਦਿਨ ਰਾਤ ਲੰਘਦਾ ਹੀ ਇਨ੍ਹਾਂ ਵਿਚਾਰਾਂ ਵਿੱਚ ਏ। ਤੁਹਾਡੀ ਬੇਵਸੀ ਵੀ ਮੈਂ ਚੰਗੀ ਤਰ੍ਹਾਂ ਸਮਝਦਾਂ। (ਬੜਾ ਸੰਭਲ ਕੇ) ਬੜਾ ਸੋਚ ਸੋਚ ਮੈਂ ਤਾਂ ਇਸ ਸਿੱਟੇ ਤੇ ਪੁੱਜਾ ਹਾਂ ਪਈ ਨਾ ਤੇ ਜ਼ਮੀਨ ਦਾ ਤੇ ਨਾ ਕਿਸੇ ਹੋਰਦਾ ਕਸੂਰ ਏ, ਸਗੋਂ ਨੁਕਸ ਤੁਹਾਡੇ ਵਿੱਚ ਈ ਏ ਕੋਈ।

ਸਾਰੇ – ਸਾਡੇ ਵਿੱਚ ? ... ਬਾਊ ਜੀ, ਕੀ ਭੋਲੀਆਂ ਗੱਲਾਂ ਕਰਦੇ ਓ। ਲਕਚਰ ਕਰਨੇ ਸੌਖੇ ਆ, ਕੰਮ ਕਰਨ ਨਾਲ ਪਤਾ ਲਗਦਾ।

ਮਨ – (ਬੜੇ ਠਰ੍ਹੰਮੇ ਨਾਲ) ਏਹਤਾਂ ਸਭ ਮੰਨਦੇ ਨੇ, ਤੁਸੀਂ ਭਾਵੇਂ ਹੁਣ ਨਾ ਮੰਨੋ, ਵਾਹੀ ਵਰਗਾ ਹੋਰ ਕੋਈ ਉੱਤਮ ਕੰਮ ਨਹੀਂ। ਦਸਾਂ ਨੌਂਹਾਂ ਦੀ ਸੁੱਚੀ ਕਿਰਤ ਜ਼ਿਮੀਂਦਾਰਾਂਦੀ ਏ। ਸੌ ਸਿਆਣਿਆਂ ਦੀ ਇੱਕੋ ਰਾਏ ਜੇ — 'ਉੱਤਮ ਖੇਤੀ, ਮਧਮ ਵਪਾਰ, ਨਖਿਧ ਚਾਕਰੀ, ਭੀਖ ਦਵਾਰ।' ਫੇਰ ਕਿਸੇ ਦੀ ਗੁਲਾਮੀ ਨਹੀਂ, ਕਿਸੇ ਦੀ ਮੁਥਾਜੀ ਨਹੀਂ।

ਉਮਰਾ – ਇਹ ਸਭ ਗੱਲਾਂ ਗੱਲਾਂ ਈ ਰਹਿ ਗਈਆਂ ਨੇ, ਬਾਊ ਜੀ।

ਮਨ – ਠਹਿਰੋ ਭਈ, ਅੱਗੇ ਤੁਸੀਂ ਦੱਸ ਬੈਠੇ ਓ ਸਭ ਕੁਝ, ਹੁਣ ਮੈਨੂੰ ਵੀ ਬੋਲ ਲੈਣ ਦਿਓ। ਸਿਆਣਾ ਉਹ ਹੁੰਦਾ ਜੇਹੜਾ ਦੂਜੇ ਦੀ ਗੱਲ ਮਾੜੀ ਚੰਗੀ ਸੁਣੇ ਤੇ ਸਹਾਰ ਲਵੇ। ਦੇਖੋ, ਜਟ ਦੀ ਕਮਾਈ ਜਿੰਨਾ ਹੋਰ ਕਿਸੇ ਚੀਜ਼ ਨੂੰ ਫਲ ਨਹੀਂ ਲਗਦਾ। ਇਕ ਦੇਣੇ ਦੇ ਸਹੰਸਰ ਦਾਣੇ ਬਣ ਜਾਂਦੇ ਨੇ। ਦੁਬਨੀਆਂ ਦੀਆਂ ਸਾਰੀਆਂ ਨਿਆਮਤਾਂ ਇਸੇ ਜ਼ਮੀਨ 'ਚੋਂ ਪੈਦਾ ਹੁੰਦੀਆਂ ਨੇ। ਇਸੇ ਧਰਤੀ ਨੇ ਹੋਰ ਦੇਸਾਂ ਦੇ ਜ਼ਿਮੀਂਦਾਰਾਂ ਨੂੰ ਮਾਲਾ-ਮਾਲ ਕਰ ਦਿੱਤਾ ਏ। ਕਸਾਨੋ! ਫੇਰ ਤੁਸੀਂਆਪੇ ਦੱਸੋ, ਤੁਸੀਂ ਕਿਉਂ ਦਿਨੋ ਦਿਨ ਗਰੀਬ ਹੁੰਦੇ ਜਾਂਦੇ ਓ?

ਗੰਡਾ – ਜੀ ਏਹ ਕਿਸੇ ਦੇ ਵੱਸ ਦੀ ਗੱਲ ਨਹੀਂ। ਸਾਡੀ ਕਿਸਮਤ ਵਿੱਚ ਈ ਏਹੋ ਕੁਝ ਲਿਖਿਆ ਏ।

ਮਨ – ਭਈ ਅਰਜਨ ਵੀ ਤੁਹਾਡੇਭਰਾ ਏ। ਚੰਗਾ ਖਾਂਦਾ ਪੀਂਦਾ, ਕਿਸੇ ਦਾ ਦੇਣਾ ਲੈਣਾਕੁਝ ਨਹੀਂ, ਚਾਰ ਪੈਸੇ ਵੀ ਕੋਲ ਨੇ।

ਗੰਡਾ– ਜੀ ਉਹ ਹੋਇਆ ਛੜਾਂ-ਛਾਂਟ। ਡੱਬਲ ਪੈਸੇ ਦਾ ਖਰਚ ਨਹੀਂ। ਅਸੀਂ ਸੁਖ ਨਾਲ ਟੱਬਰ ਟੋਰਾਂ ਵਾਲੇ ਏਏ। ਅਸੀਂ ਤੇ ਹਰ ਵੇਲੇ ਖਰਚ ਦੇ ਮੂੰਹ ਆਏ ਰਹਿੰਦੇ ਆਂ।

ਮਨ– ਤੁਹਾਡੀਆਂ ਗੱਲਾਂਤੋਂ ਸਾਬਤ ਹੁੰਦਾ ਏ, ਪਈ ਨਿਰਾ ਜ਼ਮੀਨ ਦਾ ਹੀ ਕਸੂਰ ਨਹੀਂ, ਸਗੋਂ ਤੁਹਾਡੀਆਂ ਰੀਤਾਂ ਰਸਮਾਂ ਦਾ ਵੀ ਵਿੱਚ ਕੋਈ ਹਥ ਏ। ਹੱਛਾ, ਹੋਰ ਗੱਲਾਂ ਛੱਡੋ, ਤੁਸੀਂ ਜੂ ਹਰ ਵੇਲੇ ਪੁਰਾਣਿਆਂ ਸਮਿਆਂ ਨੂੰ ਝੂਰਦੇ ਰਹਿੰਦੇ ਓ, ਪਹਿਲੋਂ ਮੈਨੂੰ ਇਹ ਦੱਸੋ, ਪਈ ਤੁਹਾਡੇ ਵਡੇ ਵਡੇਰੇ ਕਿਉਂ ਐਨੇ ਸੁਖੀ ਤੇ ਸੌਖੇ ਸਨ?

ਕੇਸਰ – ਜੀਉਹ ਬੜੇ ਜਤ ਸਤ ਵਾਲੇ ਬੰਦੇ ਸਨ। ਅਸੀਂ ਉਨਾਂ ਦੇ ਪੂਰਨਿਆਂ ਤੇ ਨਹੀਂ ਚਲ ਸਕਦੇ। ਨੀਤਾਂ ਖੋਟੀਆਂ ਹੋ ਗਈਆਂ ਨੇ। ਤਾਹੀਓਂ ਤਾਂ ਕਰਨੀਆਂ ਦੇ ਫਲ ਭੋਗਦੇ ਆਂ।

ਮਨ – ਬਾਬਾ ਜੀ, ਏਹ ਕੋਈ ਦਲੀਲ ਨਹੀਂ, ਮੈਂ ਦਸਦਾਂ। ਉਨ੍ਹਾਂ ਦੇ ਖਰਚ ਘਟ ਸਨ, ਕਿਉਂਕਿ ਲੋੜਾਂ ਬੜੀਆਂ ਥੋੜੀਆਂ ਸਨ। ਜ਼ਮੀਨ ਜ਼ੋਰਾਵਰ ਸੀ। ਪੈਦਾਵਾਰ ਚੰਗੀ ਦਿੰਦੀ ਸੀ। ਤੁਹਾਡੇ ਵੱਡੇ ਵਡੇਰੇ ਵਿਆਹ ਸ਼ਾਦੀਆਂ ਤੇ ਪੈਸੇ ਲਾ ਕੇ ਦਵਾਲੀਏ ਨਹੀਂ ਸਨ ਹੁੰਦੇ। ਬੜਿਆਂ ਜਿਗਰਿਆਂ ਵਾਲੇ ਬੰਦੇ ਸਨ। ਮਾੜੀ ਮਾੜੀ ਗੱਲ ਪਿੱਛੇ ਇਕ ਦੂਜੇ ਦਾ ਸਿਰ ਨਹੀਂ ਸਨ ਪਾੜ ਦਿੰਦੇ। ਮੁਕੱਦਮੇ ਦੀ ਬੀਮਾਰੀ ਉਨ੍ਹਾਂ ਵਿੱਚ ਨਹੀਂ ਸੀ। ਤੇ ਨਾਲੇ ਓਦੋਂ ਐਨੀਆਂ ਗਲ-ਘੋਟੂ ਰਸਮਾਂ ਵੀ ਨਹੀਂ ਸਨ। ਤੁਹਾਡੀ ਸਾਰੀ ਕਮਾਈ ਤਾਂ ਜਾਂ ਤਾਂ ਠਾਣੇ, ਤਸੀਲੇ, ਜ਼ਿਲੇ ਤੇ ਹਾਈਕੋਰਟ ਦੀਆਂ ਕਚਹਿਰੀਆਂ ਵਿੱਚ, ਜਾਂ ਫਜ਼ੂਲ ਤੇ ਭੈੜੀਆਂ ਰਸਮਾਂ ਥਾਣੀਂ, ਜਾਂ ਫੇਰ ਕਰਜ਼ਿਆਂ ਰਾਹੀਂ ਸ਼ਾਹਾਂ ਦੇ ਘਰੀਂ ਜਾਂਦੀ ਏ।

ਕੇਸਰ – ਰੱਬ ਤਰਾ ਭਲਾ ਕਰੇ। ਬੜੀਆਂ ਖਰੀਆਂ ਖਰੀਆਂ ਗੱਲਾਂਆਖੀਆਂ ਨੀ।

ਮਨ – ਫੇਰ ਲਭ ਪਈ ਨਾ ਤੁਹਾਡੀ ਬੀਮਾਰੀ-ਦੇਖੋ ਅਵਿਦਿਆ ਦੇ ਕਾਰਨ ਫਜ਼ੂਲ ਖਰਚ ਵੱਧ ਗਏ ਨੇ ਤੇ ਆਮਦਨੀਆਂ ਘਟ ਗਈਆਂ ਨੇ।

ਉਮਰਾ – ਠੀਕ ਏ ਜੀ, ਜਿਸ ਕੋਠੀ ਚੋਂ ਦਿਨ ਰਾਤ ਦਾਣੇ ਨਿਕਲਦੇ ਰਹਿਣ, ਉਸ ਇਕ ਦਿਨ ਖਾਲੀ ਹੋਣਾ ਈ ਏ ਕਿ।

ਮਨ– ਚਾਹੀਦਾ ਏਹ ਸੀ, ਪਈ ਲੋੜਾਂ ਮੁਤਾਬਕ ਆਮਦਨੀ ਵੀ ਵਧਾਈ ਜਾਂਦੀ, ਪਰ ਏਹ ਕੋਈ ਸੋਚਦਾ ਨਹੀਂ। ਕਰਮਾਂ ਤੇ ਦੋਸ਼ ਥੱਪੀ ਜਾਂਦੇ ਓ। ਅਗਲਿਆਂ ਨੂੰ ਰੋਟੀ ਨਹੀਂ ਜੁੜਦੀ, ਤੁਸੀਂ ਸਾਲ ਦੇ ਸਾਲ ਖਾਣ ਲਈ ਸਗੋਂ ਇਕ ਹੋਰ ਨਵਾਂ ਮੂੰਹ ਤਿਆਰ ਕਰ ਦਿੰਦੇ ਓ। ਦੱਸੋ, ਤੁਹਾਡੀ ਕਮਾਈ ਕੀ ਕਰੇ।

ਕੇਸਰ – ਜੀ ਏਹ ਗੱਲਾਂਤਾਂ ਸਭ ਮੰਨਣ ਵਾਲੀਆਂ ਨੇ।

ਮਨ – ਜੇ ਚੱਦਰ ਵੇਖ ਕੇ ਪੈਰ ਪਸਾਰੋ, ਤਾਂ ਤੁਹਾਨੂੰ ਕਾਹਦਾ ਘਾਟਾ ਏ। 'ਜੁਗਤ ਨਾਲ ਚੱਲੋ ਤਾਂ ਸਭ ਕੁਝ ਪੱਲੇ'! ਅਜੇ ਵੀ ਸੰਭਲ ਜਾਓ, ਬਥੇਰਾ ਦੁਖ ਭੋਗ ਲਿਆ ਏ। ਛੱਡੋ ਝੂਠਿਆਂ ਵਖਾਵਿਆ ਨੂੰ। ਦੁਨੀਆਂ ਕਿਸੇ ਨੂੰ ਕੁਝ ਨਹੀਂ ਕਹਿੰਦੀ।

ਕੇਸਰ – ਬਾਊ ਜੀ, ਹੁਣ ਤਾਂ ਕਮਲੀ ਵਾਲਾ ਲੇਖਾ ਏ — ਅਸੀਂ ਤਾਂ ਛਡਦੇ ਆਂ, ਏਹ ਰਸਮਾਂ ਨਹੀਂ ਸਾਨੂੰ ਛਡਦੀਆਂ, ਕੱਢੋ ਕਿਸੇ ਤਰ੍ਹਾਂ ਸਾਨੂੰ ਇਸ ਚੁਰਾਸੀ ਦੇ ਗੇੜ ਚੋਂ।

ਮਨ – (ਮੱਥੇ ਤੋਂ ਮੁੜ੍ਹਕਾ ਪੂੰਝ ਕੇ) ਅੱਛਾ, ਏਹ ਗੱਲਾਂਤਾਂ ਹੋਈਆਂ ਖਰਚ ਦੀਆਂ। ਬਾਕੀ ਰਿਹਾ ਆਮਦਨ ਬਾਰੇ। ਜੇ ਤੁਸੀਂ ਅਕਲ ਤੋਂ ਕੰਮ ਲਓ, ਉਹ ਵੀ ਵਧ ਸਕਦੀ ਏ।

ਵਰਿਆਮ – ਜੀ ਆਪਣ ਵੱਲਂ ਕੌਣ ਘੱਟਕਰਦਾ ਏ ਲਹੂ ਪਾਣੀ ਇਕ ਕਰ ਦਿੰਦੇ ਆਂ। ਹੋਰ ਕੰਮ ਕਿੱਦਾਂ ਕਰੀਏ?

ਮਨ – ਜੇ ਦਮਾਗ ਨੂੰ ਜ਼ਰਾ ਜੁਲਾਓ,ਤਾਂ ਹੱਥ ਪੈਰ ਵੀ ਥੋੜ੍ਹੇ ਮਾਰਨੇ ਪੈਣ, ਦਮਾਗਾਂ ਦਾ ਤਾਂ ਤੁਸੀਂ ਭਰੀਆਂ ਚੁਕ ਚੁਕ ਕੇ ਨਾਸ ਮਾਰ ਦਿੰਦੇ ਓ।

ਸਭ ਹਸ ਪੈਂਦੇ ਹਨ।

ਸੁਣ ! ਜ਼ਿਮੀਂਦਾਰ ਦੀ ਆਮਦਨੀ ਦਾ ਜਰੀਆ ਬੇ ਇਕੋ ਜ਼ਮ੍ਹੀਨ ਏ। ਹੋਰਜ ਕੋਈ ਕੰਮ ਤਾਂ ਤੁਸਾਂ ਕਰਨਾ ਨਾ ਹੋਇਆ, ਕਿਉਂਕਿ ਤੁਹਾਡੇ ਪਿਓ ਦਾਦੇ ਨਹੀਂ ਕੀਤਾ। ਨਹੀਂ ਤਾਂ ਹੋਰ ਛੇਤੀ ਕਰੀਏ ਜੇ ਆਮਦਨੀ ਵਧਾਉਣ ਦੇ । ਤੇਚੰਗੀਆਂਫਸਲਾਂ ਲਈ ਸਭ ਤੋਂ ਪਹਿਲੋਂ ਦੋ ਚੀਜ਼ਾਂ ਦੀ ਲੋੜ ਏ - ਖਰਾ ਢੇਰ ਤੇ ਵਧੀਆ ਬੀ। ਢੇਰ ਵੀ ਤੁਸੀਂ ਜਰਾ ਪਰਵਾਹ ਨਹੀਂ ਕਰਦੇ। ਜੇਹੜੀ ਰੂੜੀ ਤੁਹਾਡੀਆਂ ਪੈਲੀਆਂ ਵਿੱਚ ਸੋਨਾ ਉਗਾ ਸਕਦੀ ਏ, ਓ-ਹ ਹਵਾ ਪਾਣੀ ਵਿਚਰਲ ਕੇ ਤੁਹਾਡੀਆਂ ਬਿਮਾਰੀਆਂ ਦਾ ਕਾਰਨ ਬਣਦੀ ਏ। ਤੇ ਬੀਤੁਸੀਂ ਸਸਤੇ ਤੋਂ ਸਸਤਾ ਖਰੀਦਣਾ ਹੋਇਆ।

ਗੰਡਾ - ਹੁਤੀਆਂ ਗੱਲਾਂ ਦਾ ਕੀ ਫੈਦਾ। ਖੇਤੀ ਕਰਮਾਂ ਸੇਤੀ।

ਮਨ - ਫੇਰ ਓਹੋ ਗੱਲ। ਭਈ ਹੀਲਾ ਕਰਨ ਨਾਲ ਹੀ ਰਿਜ਼ਕ ਮਿਲਦਾ ਏ। ਐਵੇਂ ਸਿਆਦੇ ਆਂਹਦੇ ਨੇ — ਦੱਬ ਕੇ ਵਾਹ ਤੇਰੱਜਕੇਖਾਹ। ਜਿੰਨੀ ਮਿਹਨਤ ਉੱਨਾ ਫਲ। ਜਿੰਨੀ ਗੋਭੀ ਉੱਨੀਡੋਡੀ।

ਕੇਸਰੀ - ਏਹ ਵੀ ਤਾਂ ਸਿਆਣੇ ਕਹਿੰਦੇ ਨੇ— 'ਫੁਲੀ ਖੇਤੀ ਦੇਖ ਕੇ ਗਰਬ ਕਰੋ ਕਿਰਸਾਣਾ, ਨੇਰ੍ਹੀ ਝੱਖੜ ਬਹੁਤ ਨੇ ਘਰ ਆਏ ਤੇ ਜਾਣਾ' ਬਾਊ ਜੀ, ਏਹ ਤਾਂ ਰੱਬ ਦੇ ਰੰਗ ਨੇ— ਉਹ ਚਾਹੇ ਤਾਂ ਕਿਸੇ ਨੂੰ ਅਮੀਰ ਬਣਾ ਦਏ, ਚਾਹੇ ਪੱਕੀ ਨੂੰ ਉਜਾੜ ਦਏ।

ਮਨ- ਪਰ ਭਈ ਮਿਹਨਤ ਕਦੇ ਅਜਾਈਂ ਨਹੀਂ ਜਾਂਦੀ। ਜ਼ਰੂਰ ਫਲ ਲਿਆਓਬੰਦੀ ਏ। ਇਕ ਸਾਲ ਨਹੀਂ ਤਾਂ ਦੂਜੇ ਸਾਲ ਸਈ।

ਸਾਹਮਣਿਓਂ ਵੀ ਇਕ ਗੱਡਾ ਲੰਘਦਾ ਹੈ। ਉਸ ਨੂੰ ਬਹੁਤ ਹੀ ਲਿੱਸੇ ਢੱਗੇ ਜੁੜੇ ਹੋਏ ਹਨ।

ਲਓ ਖਾਂ ਭਲਾ, ਇਨ੍ਹਾਂ ਢੱਗਿਆਂ ਨੇ ਹਲ ਕੀ ਖਿੱਚਣਾ ਹੋਇਆ। ਜ਼ਰਾ ਮੁੰਨਾ ਦਬਾਇਆ ਨਹੀਂ ਤੇ ਇਨ੍ਹਾਂ ਗੋਡੇ ਲਾਏ ਨਹੀਂ। ਤੇ ਪਹਿਰ ਪਿਛੋਂ ਇਨ੍ਹਾਂ ਖੇਤ ਵਿੱਚ ਪੁਜਣਾ ਹੋਇਆ।

ਹਵਾਈ-ਜਹਾਜ਼ ਦੀ ਗੂੰਜ ਆਉਂਦੀ ਹੈ। ਸਾਰੇ ਉੱਪਰ ਨੂੰ ਦੇਖਣ ਲਗ ਜਾਂਦੇ ਹਨ।

ਵਰਿਆਮ - ਓ ਜਾਂਦਾ— ਜਾਂਦਾ — ਐਨ ਇੱਲ ਵਾਂਗ ਦਿਸਦਾ। ਵਾਰੇ ਵਾਰੇ ਜਾਈਏ ਇਨ੍ਹਾਂ ਗਰੇਜਾਂ ਦੇ। ਕੁਛ ਨਹੀਂ ਛਡਿਆ ਇਨ੍ਹਾਂ ਨੇ।

ਉਮਰਾ - ਭਈ ਬੜਾ ਤੇਜ ਜਾਂਦਾ। ਘੜੀ 'ਚ ਅੱਖਾਂ ਤੋਂ ਓਹਲੇ ਹੋ ਗਿਆ ਏ।

ਮਨ - ਹੁਣ ਜ਼ਰਾ ਆਪਣੇ ਹਵਾਈ-ਜਹਾਜ ਵਲ ਵੀ ਨਜ਼ਰ ਮਾਰਿਓ। ਦੇਖੋ ਖਾਂ ਕਿੱਡੀ ਕੁ ਦੂਰ ਚਲਾ ਗਿਆ ਏ।

ਸਭ ਹਸਦੇ ਹਨ।

ਦੇਖਿਓ, ਸਾਡਾ ਤੇ ਬਾਹਰ ਦੇ ਮੁਲਕਾ ਦਾ ਏਨਾ ਫ਼ਰਕ ਜੇ। ਅਸਾਂ ਉਨ੍ਹਾਂ ਦਾ ਕੀ ਮੁਕਾਬਲਾ ਕਰਨਾ ਹੋਇਆ, ਜਿਨ੍ਹਾਂ ਮਸ਼ੀਨਾਂ ਨਾਲ ਵਾਹੀ ਕਰਨੀ ਹੋਈ। ਸਾਡੇ ਤਾਂ ਓਹੋ ਬਾਬੇ ਆਦਮ ਵੇਲੇ ਦੇ ਹਲ ਤੇ ਪੰਜਾਲੀ।

ਬਾਕੀਆਂ ਤੋਂ ਦੂਰ ਬੈਠਾ ਬਾਬਾ ਜੱਸਾ ਅਜੇ ਤਕ ਕੁਝ ਨਹੀਂ ਸੀ ਬੋਲਿਆ।

ਜੱਸਾ – ਬੱਚਿਆ, ਤੇਰੀਆਂ ਗੱਲਾਂ ਸਭ ਸੱਚੀਆਂ ਨੇ। ਇਨ੍ਹਾਂ ਗਵਾਰਾਂ ਨੂੰ ਸਿਖ ਮਤ ਦੇਣੀ ਤਾਂ ਕੱਲਰ ਵਿੱਚ ਬੀ ਸੁਟਣ ਵਾਲਾ ਲੇਖਾਏ। ਸਦੀਆਂ ਦੀ ਗੁਲਾਮੀ ਤੇ ਇਕ–ਸਾਰ ਦੀ ਜ਼ਿੰਦਗੀ ਨਾਲ ਸਾਡੇ ਦਿਲ ਦਮਾਗ ਕੰਮ ਜੋਗੇ ਨਹੀਂ ਰਹੇ। ਨਾਲੇ ਬੰਦੇ ਦੇ ਜਾਂ ਆਣ ਬਣਦੀ ਏ, ਉਸ ਨੂੰ ਕੁਝ ਨਹੀਂ ਔੜਦਾ। ਚੰਗਿਆਂ ਭਲਿਆਂ ਦੀਆਂ ਮੱਤਾਂ ਮਾਰੀਆਂ ਜਾਂਦੀਆਂ ਨੇ।

ਮਨ – ਬਾਬਾ ਜੀ, ਮੈਂ ਸਮਝਦਾਂ, ਕਈ ਡੁੱਬਣ ਲੱਗਾ ਸਗੋਂ ਬਹੁਤੇ ਹੱਥ ਪੈਰਮਾਰਦੈ।

ਜੱਸਾ – ਜੇ ਉਹਨੂੰ ਕੋਈ ਸਾਹਮਣੇ ਕੰਢਾ ਦਿਸਦਾ ਹੋਵੇ, ਨਹੀਂਤਾਂ ਸਾਡੇ ਵਾਂਗ ਵਿਚਾਕਰ ਈ ਦਮ ਤੋੜ ਦਿੰਦਾ ਏ।

ਮਨ – ਬਾਬਾ ਜੀ, ਜੇ ਕੋਈ ਡੁਬਦੇ ਨੂੰ ਬਚਾਉਣਾ ਚਾਹੇ?

ਜੱਸਾ– ਫੇਰ ਉਹ ਆਪਣੀ ਜ਼ਿੰਦਗੀ ਰੱਬ ਲੇਖੇ ਲਾ ਕੇ ਕੁਦ ਪਵੇ। ਬਚੜਿਆ, ਤੇਰੀਆਂ ਸਭ ਗੱਲਾਂ ਬੜੇ ਗਹੁ ਨਾਲ ਸੁਣੀਆਂ ਨੇ। ਨਿਰੀਆਂ ਗੱਲਾਂ ਕੁਝ ਨਹੀਂ ਬਣਾਉਂਦੀਆਂ। ਬਥੇਰੇ ਆ ਕੇ ਲਚਕਰ ਕਰਜਾਂਦੇ ਨੇ। ਅਸੀਂ ਗੱਲਾਂ ਸੁਣਨ ਸੁਣਾਉਣ ਦੇ ਆਦੀ ਹੋ ਗਏ ਆਂ। ਜ਼ਿਮੀਂਦਾਰਾਂ ਨੂੰ ਮਗਰ ਲਾਉਣ ਲਈ ਤਾਂ ਕੋਈ ਅਮਲੀ ਕੰਮ ਕਰ ਕੇ ਦੱਸੋ। ਚੰਗਾ ਕੰਮ ਆਪਣਾ ਪ੍ਰਚਾਰ ਆਪ ਕਰਦਾ ਏ। ਜੇ ਤੂੰ ਕੁਝ ਕਰਨਾ ਚਾਹੁੰਨਾ ਏਂ, ਸਮਾਂ ਨਾ ਅਜਾਈਂ ਗੁਆ। ਜੇਹੜੇ ਪੰਜ ਦਸ ਘਰ ਤੇਰੇ ਆਖੇ ਵਿੱਚ ਨੇ, ਉਨ੍ਹਾਂ ਤੋਂ ਕੋਈ ਨਮੂਨੇ ਦਾ ਕੰਮ ਕਰਵਾ ਕੇ ਵਖਾ — ਦੇਖ ਫੇਰ ਕਿੱਦਾਂ ਲੋਕੀਂ ਭੇਡਾਂ ਵਾਂਗ ਮਗਰ ਲਗ ਜਾਂਦੇ ਨੇ।

ਮਨ – ਬਾਬੇ ਹੋਰੀਂ ਬੜੇ ਸਿਆਣੇ ਨੇ। ਲਓ ਬਾਬਾ ਜੀ, ਅਜ ਤੋਂ ਮੈਂ ਤੁਹਾਡੀ ਸਲਾਹ ਪੱਲੇ ਬੰਨ੍ਹ ਲਈ ਏ। ਜਿਸ ਤਰ੍ਹਾਂ ਤੁਸੀਂ ਆਖਿਆ, ਇਸੇ ਤਰ੍ਹਾਂ ਕਰਾਂਗੇ।

ਇਕ ਗਭਰੂ – (ਆਉਂਦਾ ਹੀ ਬੜੀ ਰੁੱਖੀ ਤਰ੍ਹਾਂ) ਓ ਬਾਬਾ! ਬਾਬਾ, ਬੋਲਦਾ ਨਹੀਂ? ਬੋਲਾ ਹੋ ਗਿਐਂ? ਮੈਂ ਕਿਹਾ, ਰੋਟੀ ਖਾ ਆ ਜਾ ਕੇ।

ਜੱਸਾ – ਕਾਕਾ, ਤੂੰ ਪਰ੍ਹਾਂ ਦੋ ਰੋਟੀਆਂ ਫੜੀ ਆਉਂਦਾ। ਮੈਂ ਕਿੱਥੇ ਗਲੀਆਂ ’ਚ ਟੱਕਰਾਂ ਮਾਰਦਾ ਫਿਰਾਂਗਾ।

ਗੱਭਰੂ – ਕਿਉਂ ? ਤੂੰ ਕਮਾਈ ਕਰਦੈਂ ਇੱਥ, ਪਈ ਵਿਹਲ ਨਹੀਂ ਮਿਲਦੀ। ਬਹੁਤੀਆਂ ਹੁਜਤਾਂ ਨਾ ਬਣਾ। ਰੋਟੀ ਖਾਣੀ ਏਂ ਤਾਂ ਖਾ ਆ। ਤੇਰੀਆਂ ਨੌਕਰਾਣੀਆਂ ਨਹੀਂ, ਸਾਰਾ ਸਾਰਾ ਦਿਨ ਬੈਠੀਆਂ ਰਹਿਣ।

ਜੱਸਾ – ਬੱਚਾ, ਜਿੰਨਾ ਕੁ ਮੈਥੋਂ ਹੁੰਦਾ, ਕਰਦਾ ਈ ਰਹਿੰਦਾ ਹਾਂ, ਵਿਹਲਾ ਤੇ ਨਹੀਂ ਬਹਿੰਦਾ। ਅਜੇ ਹੁਣੇ ਵਾੜਿਓਂ ਰੱਸਾ ਗੋਠ ਕੇ ਆਇਆ।

ਗਭਰੂ – ਰੱਤਾ ਗੋਠ ਕੇ ਆਇਐਂ ਕਿ ਮੇਰੇ ਸਿਰ ਹਸਾਨ ਕਰ ਕੇ ਆਇਐਂ। ਜਾਹ ਜਾਹ ਗਾਂਹ ਬਹੁਤਾ ਬੁੜ ਬੁੜ ਨਾ ਕਰ ਸਗੋਂ। ਤੇਰੀ ਕਮਾਈ ਨੂੰ ਲੋਹੜ ਆਈ ਹੋਈ ਏ! ਮਰਦਾ ਵੀ ਨਹੀਂ ਪਰੇ।

ਸੂਬੇਦਾਰ ਆਉਂਦਾ ਹੈ।

ਮਨ – ਮਾਮਾ ਜੀ ਕਿਧਰ ਚਲੇ ਗਏ ਸੀ ?

ਸੂਬੇਦਾਰ – ਤੇਰੀ ਡਾਕ ਲੈਣ ਗਿਆ ਸਾਂ।

ਮਨ – (ਇਕ ਲਫਾਫਾ ਖੋਲ੍ਹਦਾ ਹੋਇਆ) ਅਜ ਡਾਕ ਬੜੀ ਛੇਤੀ ਆ ਗਈ।

ਸੂਬੇਦਾਰ – ਤਿੰਨ ਤੇ ਕਦੋਂ ਦੇ ਵਜ ਗਏ।ਕਾਕਾ, ਕੇਹਦੀ ਚਿੱਠੀ ਹੈ?

ਮਨ– ਐਗਰੀਕਲਚਰ ਕਾਲਜ ਲਾਇਲਪੁਰ ਤੋਂ ਆਈ ਏ ਮੁਬਾਰਕਸ਼ਾਹ ਦੀ। ਮੈਂ ਉਹਨੂੰ ਪਿੰਡ ਸੁਧਾਰ ਦੀ ਸਕੀਮ ਬਾਬਤਾ ਲਿਖਿਆ ਸੀ। ਕਹਿੰਦਾ, ਮੈਨੂੰ ਅਗੇ ਨੌਕਰੀ ਦੀ ਕੋਈ ਚਾਹ ਨਹੀਂ, ਤੁਹਾਡੀ ਮੱਦਦ ਕਰਨ 'ਚ ਮੈਨੂੰ ਬੜੀ ਖ਼ੁਸ਼ੀ ਹੋਵੇਗੀ।

ਸੂਬੇਦਾਰ – ਮੁੰਡਾ ਬੜਾ ਸਿਆਣਾ ਹੈ। ਏਹ ਕਿਸਦੀ ?

ਮਨ – ਮਾਮਾ ਜੀ, ਉਹ ਅਧਿਆਪਕਾ ਕੱਲ ਸ਼ਾਮ ਨੂੰ ਇੱਥੇ ਪੁਜ ਰਹੀ ਏ। ਲਓ ਹੁਣ ਸਾਡੀ ਕਾਮਸਾਬੀ ਨੇੜੇ ਸਮਝੋ। ਸਭ ਤੋਂ ਬੜੀ ਮੁਸ਼ਕਲ ਹਲ ਹੋ ਗਈ।

ਸੂਬੇਦਾਰ – ਬੜਾ ਚੰਗਾ ਹੋਇਆ। ਕਈ ਮਹੀਨੇ ਹੋ ਗਏ ਸਨ ਕੋਸ਼ਸ਼ ਕਰਦੇ ਨੂੰ। ਕੋਈ ਮਾਸ਼ਟਰਾਣੀ ਪਿੰਡ ਵਿੱਚ ਆਉਣ ਦਾ ਨਾਂ ਨਹੀਂ ਸੀ ਲੈਂਦੀ।

ਮਨ – ਮੈਂ ਤੁਹਾਨੂੰ ਦੱਸੋ ਏ ਸਾਰੀ ਗੱਲ, ਪਈ ਤੀਵੀਆਂ ਦੀ ਮੱਦਦ ਤੋਂ ਬਿਨਾ ਕੋਈ ਸੁਧਾਰ ਹੋ ਈ ਨਹੀਂ ਸਕਦਾ। ਹੁਣ ਮਾਮਾ ਜੀ ਇਕ ਹਫ਼ਤੇ ਦੇ ਅੰਦਰ ਅੰਦਰ ਹੀ ਕੁੜੀਆਂ ਦਾ ਸਕੂਲ ਖੋਲ੍ਹ ਦੇਈਏ।

ਸੂਬੇਦਾਰ – ਇਸੇ ਮਾਫ਼ਕ ਕਰਾਂਗੇ। (ਖ਼ੁਸ਼ ਹੋ ਕੇ) ਅੱਛਾ ਹੋਰ ਕਿਆ ਲਿਖਿਆ ਹੈ।

ਮਨ – (ਪੜ੍ਹ ਕੇ) ਮੈਂ ਤੁਹਾਨੂੰ ਅਗੇ ਵੀ ਲਿਖਿਆ ਸੀ ਕਿ ਮੇਰੀ ਤਨਖ਼ਾਹ ਦਾ ਤੁਸੀਂ ਜ਼ਰਾ ਫ਼ਿਕਰ ਨਾ ਕਰੋ। ਜੇ ਤੁਸੀਂ ਸ਼ੁਰੂ ਸ਼ੁਰਬੂ ਵਿੱਚ ਨਾ ਵੀ ਪੇ (Pay) ਕਰ ਸਕੋ, ਤਾਂ ਵੀ ਕੋਈ ਗੱਲ ਨਹੀਂ। ਮੇਰੇ ਦਿਲ ਵਿੱਚ ਪੇਂਡੂ ਭੈਣਾਂ ਦੀ ਸੇਵਾ ਕਰਨ ਦਾ ਕੁਦਰਤੀ ਸ਼ੌਂਕ ਹੈ। ਬੜੀ ਮੇਹਰਬਾਨੀ, ਤੁਸੀਂ ਮੈਨੂੰ ਮੌਕਾ ਦਿੱਤਾ ਏ।

ਸੂਬੇਦਾਰ – ਕਾਕਾ, ਇਹ ਤਾਂ ਕੋਈ ਬਿਲਕੁਲ ਤੇਰੇ ਖ਼ਿਆਲ ਦੀ ਹੈ।

ਮਨ – ਮਾਮਾ ਜੀ, ਚਾਹੇਦੀ ਵੀ ਏਹੋ ਜਹੀ ਸੀ। ਕਿਉ.ਕਿ ਨਿਰਾ ਕੁੜੀਆਂ ਨੂੰ ਹੀ ਨਹੀਂ ਪੜ੍ਹਾਉਣਾ, ਸਗੋਂ ਬੁਢੀਆਂ ਨੂੰ ਵੀ ਸਿੱਧੇ ਰਾਹ ਪਾਉਣਾ ਏ।ਮਾਮਾ ਜੀ, ਪਿੰਡ ਸੁਧਾਰ ਦਾ ਰੌਲਾ ਰੌਲਾ ਤਾਂ ਅਜ ਕਲ੍ਹ ਬੜਾ ਪਿਆ ਹੋਇਆ ਏ, ਪਰ ਜਦੋਂ ਡਰ ਇਸ ਕੰਮ ਵਿੱਚ ਉਤਸ਼ਾਹ, ਓਦਮ ਤੇ ਲਗਨ ਵਾਲੇ ਨੌਂਜਵਾਨ ਤੇ ਮੁਟਿਆਰਾਂ ਨਹੀਂ ਜੁਟ ਜਾਂਦੀਆਂ, ਪਿੰਡ ਦਾ ਕੋਈ ਪਾਸਾ ਵੀ ਨਹੀਂ ਸੁਧਰਨ ਲੱਗਾ।

ਲੋਕੀਂ ਚੁਪ ਚਾਪ ਬੈਠੇ ਹੈਰਾਨੀ ਨਾਲ ਉਨ੍ਹਾਂ ਦੀਆਂ ਗੱਲਾਂ ਸੁਣਦੇ ਹਨ। ਵਰਿਆਮ ਕਿਸੇ ਸੋਚ ਵਿੱਚ ਡੁਬਾ ਰਹਿੰਦਾ ਹੈ।

\-------------

# ਤੀਜੀ ਝਾਕੀ

ਪਿੰਡ ਦੇ ਚੜ੍ਹਦੇ ਵਲ, ਵਾੜਿਆਂ ਦੇ ਕੋਲ, ਇਕ ਬੜੀ ਭੇੜੀ ਜਿਹੀ ਥਾਂ — ਲਾਗੇ ਲਾਗੇ ਗੋਹਾ, ਪਾਥੀਆਂ, ਗਹੀਰੇ ਤੇ ਖਿੰਡੀਆਂ ਹੋਈਆਂ ਰੂੜੀਆਂ ਨਜ਼ਰ ਆਉਂਦੀਆਂ ਹਨ। ਇਕ ਜਨਾਨੀ ਬੈਠੀ ਪਾਥੀਆਂ ਪਥ ਰਹੀ ਹੈ। *ਦ ਤਿੰਨਾਂ ਨਿਆਣਿਆਂ ਦੀ ਮਾਂ ਹੋਣ ਕਰ ਕੇ ਉਮਰ ਦਾ ਠੀਕ ਪਤਾ ਨਹੀਂ ਲਗਦਾ। ਉਸ ਦੇ ਤੇੜ ਘੱਗਰਾ, ਨਕ ਵਿੱਚ ਤੀਲੀ, ਕੰਨਾਂ ਵਿੱਚ ਸੋਨੇ ਦੀਆਂ ਮੁਰਕੀਆਂ ਤੇ ਹੱਥਾਂ ਵਿੱਚ ਬੰਦ ਹਨ।

---

* ਛੋਟੀਆਂ ਛੋਟੀਆਂ ਕੁੜੀਆਂ ਜਦ ਜੁਆਨੀ ਚੜ੍ਹਨ ਤੋਂ ਪਹਿਲੋਂ ਹੀ ਮਾਵਾਂ ਬਣ ਜਾਂਦੀਆਂ ਹਨ, ਤਾਂ ਇਕਦਮ ਨਾ ਕੇਵਲ ਉਨ੍ਹਾਂ ਦੇ ਜੋਬਨ ਤੇ ਸਿਹਤ ਦਾ ਨਾਸ ਹੋ ਜਾਂਦਾ ਏ, ਸਗੋਂ ਉਨ੍ਹਾਂ ਦੇ ਸਾਰੇ ਸ਼ੌਕ ਤੇ ਚਾਅ ਮਰ ਜਾਂਦੇ ਹਨ। ਪਿਛੇ ਜਹੇ ਮੈਂ ਕਿਸੇ ਪਿੰਡ ਇਕ ਮਿਤਰ ਕੋਲ ਰਿਹਾ। ਸਵੇਰ ਨੂੰ ਪੱਗ ਬੰਨ੍ਹਣ ਲਈ ਮੈਂ ਉਸ ਦੀ ਵਹੁਟੀ ਕੋਲੋਂ ਸ਼ੀਸ਼ਾ ਮੰਗਿਆ। "ਜਦੋਂ ਸਾਡੇ ਤੇ ਦਿਨ ਸਨ, ਰਖਦੈ ਹੁੰਦੇ ਸੀ"। "ਕੀ ਇਕ ਬੱਚਾ ਹੋਣ ਨਾਲ ਹੀ ਤੁਹਾਡੀ ਖ਼ੁਸ਼ੀ ਦੇ ਸਾਰੇ ਦਿਨ ਮੁਕ ਗਏ ਨੇ?" ਉਸ ਹਓਕਾ ਭਰਿਆ ਪਰ ਬੋਲ ਨਾ ਸਕੀ। ਪਿੰਡਾਂ ਵਿੱਚ ਨਿਆਣੀਆਂ ਮਾਵਾਂ ਵਲ ਵੇਖ ਕੇ ਮੇਰਾ ਦਿਲ ਕੰਬ ਉਠਦਾ ਹੈ।

ਉਸ ਦੇ ਲਾਗੇ ਡੰਗਰਾਂ ਦੇ ਰਾਹ ਵਿੱਚ ਦੋ ਤਿੰਨ ਨੰਗ-ਧੜੰਗੇ ਨਿਆਣੇ ਮਿੱਟੀ ਵਿੱਚ ਖੇਡ ਰਹੇ ਹਨ। ਨਾਲ ਦੇ ਵਾੜੇ ਵਿੱਚੋਂ ਇਕ ਅਧਖੜ ਤੀਵੀਂ ਨਿਕਲਦੀ ਹੈ। ਕੱਪੜਾ ਉਸ ਦੇ ਵੀ ਕੋਈ ਚੱਜ ਦਾ ਨਹੀਂ।

ਵਰਿਆਮੀ – ਨੀ ਤੇਜੋ, ਬੱਸ ਕਰ ਹੁਣ।

ਤੇਜੋ – ਭਾਬੀ ਕੀ ਕਰਾਂ, ਮਾਰ ਲਿਆ ਏਹ ਗੋਹੇ ਨੇ। ਮੂੰਹ ਹਨੇਰੇ ਦੀ ਲੱਗੀ ਹੋਈ ਆਂ। ਮੁਕਣ ’ਚ ਨਹੀਂ ਆਉਂਦਾ।

ਵਰਿਆਮੀ – ਨਿਕੀ ਕਿੱਕੇ ਗਈ ਅਜ?

ਤੇਜੋ – ਖਰੇ ਰੰਡੀ ਨੂੰ ਕੀ ਗੋਲੀ ਵੱਜ ਗਈ, ਪਰਸੋਂ ਦੀ ਮੰਜੇ ਤੇ ਮੂੰਹ ਅੱਡ ਕੇ ਪਈ ਹੋਈ ਏ। ਮਰਦੀ ਨਹੀਂ ਵਿੱਚੋਂ ਸਿਰ-ਮੁੰਨੀ ਅਗੇ ਬਾਹਰਲਾ ਸਾਰਾ ਕੰਮ ਕਰ ਲੈਂਦੀ ਸੀ, ਹੁਣ ਏਹ ਵੀ ਜਾਨ ਨੂੰ ਕਜੀਆ ਪੈ ਗਿਆ।

ਵਰਿਆਮੀ – ਆਹੋ ਭੈਣੇ, ਸੁਖ ਨਾਲ ਗੋਹਾ ਵੀ ਕੇਹੜਾ ਥੋੜਾ ਹੁੰਦਾ। ਦਸਾਂ ਪੰਦਰਾਂ ਪਸ਼ੂਆਂ ਦਾ ਗੋਹਾ ਹੋਇਆ, ਪਹਿਲੋਂ ਢੁਕਣਾ, ਫੇਰ ਪੱਥਣਾ। ਇਹ ਤਾਂ ਕੁੜੀਆਂ ਚਿੜੀਆਂ ਦਾ ਕੰਮ ਏ, ਹੌਲੀ ਹੌਲੀ ਲਗੀਆਂ ਰਹੀਆਂ ਸ਼ਾਹ ਵੇਲੇ ਤਕ। ਕੱਲੀ ਦੁਕੱਲੀ ਤੀਵੀਂ ਦੀ ਤਾਂ ਸੁਰਤ ਮਾਰ ਦਿੰਦਾ ਕੰਮ।

ਤੇਜੋ – ਭਾਬੀ ਕੀ ਦੱਸਾਂ, ਲੱਕ ਦੂਹਰਾ ਹੋ ਜਾਂਦਾ ਏ ਸਾਰਾ ਦਿਨ ਕੰਮ ਕਰਦਿਆਂ। ਖੜੀ ਲਤ ਰਹਿੰਦੀ ਐਸਵੇਰ ਤੋਂ ਸ਼ਾਮ ਤਕ।

ਵਰਿਆਮੀ – ਸਚ ਕਹਿੰਦੇ ਨੇ — ਘਰ ਦਾ ਕੰਮ ਤੇ ਟੁਟ ਮੋਈ ਰੰਨ।

ਤੇਜੋ – ਰੱਬ ਨੇ ਤੀਵੀਆਂ ਦੀ ਕੀ ਜੂਨ ਬਣਾ ਦਿੱਤੀ ਏ। ਮਰ ਰਹਿੰਦੀਆਂ ਨੇ ਸਾਰਾ ਦਿਨ ਕੰਮ ਕਰਦੀਆਂ, ਫੇਰ ਵੀ ਛਿੱਤਰ ਖੜਕਦੇ ਨੇ। ਭਾਬੀ, ਮੇਰਾ ਤੇ ਕਈ ਵਾਰ ਜੀ ਕਰਦੈ ਕਿ ਮੂੰਹ ਸਿਰ ਕਾਲਾ ਕਰ ਕੇ ਨਿਕਲ ਜਾਵਾਂ ਕਿਤੇ, ਜਾਂ ਕੁਝ ਖਾ ਕੇ ਮਰ ਜਾਂ।

ਵਰਿਆਮੀ – ਚੁਪ ਕਰ ਨੀਂ, ਐਵੇਂ ਨਹੀਂ ਏਹੋ ਜਿਹੀਆਂ ਗੱਲਾਂ ਕਰੀਂ ਦੀਆਂ। ਬੰਦਾ ਕੰਮ ਕਰਦਾ ਨਹੀਂ ਮਾੜਾ ਹੁੰਦਾ, ਆਦਮੀਆਂ ਦੀ ਸੁਖ ਚਾਹੀਦੀ ਏ।

ਤੇਜੋ – (ਇਸ਼ਾਰਾ ਕਰ ਕੇ) ਭਾਬੀ ਦੇਖ ਨਾ ਤਾਰੋ ਨੂੰ, ਹੁਣ ਤੇ ਧਰਤੀ ਤੇ ਪੈਰ ਨਹੀਂ ਲਾਉਂਦੀ।

ਵਰਿਆਮੀ – (ਅੱਖ ਦੇ ਇਸ਼ਾਰੇ ਨਾਲ) ਤੈਨੂੰ ਪਤਾ ਈ ਏ ਵਿੱਚੋਂ ਗੱਲ ਦਾ। ਕੁੜੇ ਤਾਰੋ, ਗੱਲ ਵੀ ਸੁਣਨੋਂ ਗਈ ?

ਤਾਰੋ- ਇਕ ਵਿਧਵਾ ਇਸਤ੍ਰੀ, ਉਮਰ 74 ਕੁ ਸਾਲ, ਕਪੜੇ ਸਾਦਾ ਪਰ ਚੰਗੀ ਤਰ੍ਹਾਂ ਧੋਤੇ ਹੋਏ ਹਨ।

ਤਾਰੋ – ਚਾਚੀ, ਅਜੇ ਘਰ ਦਾ ਸਾਰਾ ਕੰਮ ਉਸੇ ਤਰ੍ਹਾਂ ਕਰਨ ਨੂੰ ਪਿਐ।

ਵਰਿਆਮੀ – ਨੀ ਅਸੀਂ ਕੇਹੜਾ ਸੰਵਰ-ਸੁਆਰ ਕੇ ਘਰੋਂ ਨਿਕਲੀਆਂ।

---

ਮੈਨੂੰ ਤਾਂ ਹਰੇਕ ਪਿਡ ਇਕ ਬੁੱਚੜ ਖਾਨਾ ਦਿਸ ਰਿਹਾ ਹੈ। ਬੇਜ਼ਬਾਨ ਕੁੜੀਆਂ ਗਊਆਂ ਨਾਲੋਂ ਕਿਸੇ ਤਰ੍ਹਾਂ ਵੀ ਘੱਟ ਨਹੀਂ। ਲਾਹੌਰ ਇਕ ਬੁੱਚੜ ਖਾਨਾ ਖੁਲ੍ਹਣ ਨਾਲ ਸਾਰੇ ਹਿੰਦੁਸਤਾਨ ਵਿੱਚ ਹਲ-ਚਲ ਮਰ ਗਈ ਸੀ, ਪਰ ਲੱਖਾਂ ਇਨਸਾਨੀ ਬੁੱਖੜ-ਖਾਨਿਆਂ ਕਰਕੇ ਕਦੇ ਕਿਤੇ ਹੜਤਾਲ ਹੁੰਦੀ ਨਹੀਂ ਵੇਖੀ।

ਤਾਰੋ – ਤੁਹਾਡੇ ਤੇ ਪਿਛੇ ਕਰਨ ਵਾਲੀਆਂ ਨੇ, ਅਸੀਂ ਤੇ ਰੋਟੀ ਵੀ ਹੱਥੀਂ ਕਮਾਉਣੀ ਹੋਈ।

ਵਰਿਆਮੀ – ਨੀ ਬਥੇਰਾ ਪੰਜ-ਪਹਾੜ ਦਿਨ ਪਿਆ, ਕਰ ਲਈਂ ਜਿਹੜੀ ਕਮਾਈ ਕਰਨੀਂ ਏ। ਕੁੜੇ ਮੈਂ ਕਿਹਾ ਕਿੰਨੇਕੁ ਪੈਸੇ ਕਮਾ ਲੈਨੀ ਏਂ ਕੱਤ ਕੇ?

ਤਾਰੋ – ਚਾਚੀ, ਕਰ ਈ ਲਈਦੀ ਸੀ ਦੋ ਚਾਰ ਆਨੈ ਦੀ ਕਾਰ। ਪਰ ਹੁਣ ਜਿੱਦਣ ਦੀ ਕੁੜੀਆਂ ਦੇ ਸਕੂਲ ਲਗੀ ਆਂ, ਵਿਹਲ ਈ ਨਹੀਂ ਮਿਲਦੀ।

ਤੇਜੋ – (ਲਾ ਕੇ) ਨੀ ਭਾਬੀ, ਲੋਕੀਂ ਭਾਵੇਂ ਕਿੰਨਾ ਬੁਰਾ ਭਲਾ ਕਹਿੰਦੇ ਲੈ, ਪਰ ਤਾਰੋ ਲਈ ਤਾਂ ਮੋਹਨ ਔਤਾਰ ਬਣ ਕੇ ਆਇਆ ਏ।

ਵਰਿਆਮੀ – ਸੱਚ ਏ ਭੈਣੇ, ਇਹਦਾ ਤਾਂ ਜਨਮ ਬਦਲ ਗਿਆ ਏ।

ਤਾਰੋ – ਚਾਚੀ, ਸਾਡਾ ਤੇ ਰੋਮ ਰੋਮ ਸੀਸਾਂ ਦਿੰਦਾ ਏ। ਜਿੱਦਣ ਦਾ ਰੱਬ ਨੇ ਸੁਹਾਗ-ਭਾਗ ਖੋਹ ਲਿਆ ਏ, ਕੋਈ ਦਾਦੇ ਹਗਾਉਣਾ ਨੇੜੇ ਨਹੀਂ ਢੁਕਿਆ। ਦੱਸ ਅਸੀਂ ਸਕਿਆਂ ਦੇ ਸੰਕ ਲਾਹੁਣੇ ਨੇ, ਜੇ ਸਾਡਾ ਕੋਈ ਦਰਦੀ ਨਹੀਂ। ਐਨੀ ਜ਼ਮੀਨ ਏ, ਖਾਣ ਜੋਗੇ ਦਾਣੇ ਪੱਲੇ ਨਹੀਂ ਪਾਉਂਦੇ। ਜੇ ਕੁਝਕਹਾਂ ਸੁਣਾਂ ਤਾਂ ਉਂਞ ਵੱਢ ਖਾਣ ਨੂੰ ਪੈਂਦੇ ਨੇ। ਮਹਾਰਾਜ ਉਨ੍ਹਾਂ ਦੀ ਵੱਡੀ ਵੱਡੀ ਉਮਰ ਕਰੇ, ਜਿਨ੍ਹਾਂ ਸਾਨੂੰ ਜੀਉਂਦਿਆਂ ਵਿਚਕੀਤਾ।

ਵਰਿਆਮੀ – ਔਖੇ ਵੇਲੇ ਜੋ ਕੰਮ ਆਵੇ, ਓਹੀਓ ਮੀਤ ਸਦਾਵੇ। ਠੋਕਏ ਭੈਣੇ।

ਤੇਜੋ – ਸਾਡੇ ਭਾਣੇ ਤੇ ਨਿਜ ਆਉਂਦਾ ਰੁੜ ਪੁੜ ਜਾਣਾ।

ਤਾਰੋ – ਤੈਨੂੰ ਉਸ ਦੇ ਆਉਣ ਦਾ ਕੀ ਦੁਖ ਹੋ ਗਿਆ?

ਤੇਜੋ – ਦੁਖ ਇਹਦੇ ਨਾਲੋਂ ਹੋਰ ਹੋਦਾ। ਕੰਮ ਨੂੰ ਹੱਥ ਨਹੀਂ ਲਾਉਂਦਾ ਵਰਿਆਮਾ, ਜਿੱਦਣ ਦਾ ਇਹਦੀਆਂ ਗੱਲਾਂ 'ਚ ਆਇਆ।

ਵਰਿਆਮੀ – ਕੁੜੇ, ਨਾਲੇ ਕਹਿੰਦੇ ਨੇ ਬੀਆ ਪਾਸ ਏ।

ਤੇਜੋ – ਸੁਆਹ ਤ ਮਿੱਟੀ ਪਾਸ ਐ। ਉਹਨੂੰ ਤੇ ਜਰਾ ਮਾਸਾ ਵੀ ਅਕਲ ਨਹੀਂ ਸਾਰਾ ਦਿਨ ਸੁਦਾਈਆਂ ਵਾਂਗ ਬੋਲਦਾ ਰਹਿੰਦੈ। ਮਰਦਾਂ ਨੂੰ ਕਹਿੰਦੈ, ਰੂੜੀ ਨੂੰ ਟੋਇਆਂ ਵਿੱਚ ਸੁੱਟੋ ਤੇ ਤੀਵੀਆਂ ਨੂੰ ਕਹਿੰਦਾ ਗੋਹਾ ਬਿਲਕੁਲ ਨਾ ਪੱਥੋ। ਹੈ ਕੋਈ ਅਕਲ ਦੀ ਗੱਲ,ਭਲਾ ਹੋਰ ਉਹਦਾ ਸਿਰ ਬਾਲੀਏ।

ਵਰਿਆਮੀ – ਨੀ ਮੈਂ ਤੇ ਹੋਰ ਗੱਲ ਸੁਣੀ ਏਂ, ਕਹਿੰਦੇ ਨੇਕੁੜਮਾਈ ਵੀ ਛੱਡ ਦਿਤੀ ਏ।

ਤੇਜ – ਲੈ, ਤੂੰ ਅਜ ਸੁਣਿਐਂ। ਥੋੜਾ ਪਿੱਟਦੀ ਗਈ ਤੇ ਇੰਦਰ ਦੇਈ। ਕਹਿੰਦੀ ਏ, "ਇਸ ਸਾਡੇ ਧੌਲਿਆਂ ਵਿੱਚ ਖੇਹ ਪਾ ਦਿੱਤੀ ਏ; ਸਾਨੂੰ ਕਿਸੇ ਜੋਗਾ ਨਹੀਂ ਛਡਿਆ, ਮੈਂ ਨਪੁਤੀ ਚੰਗੀ ਸੀ।"

ਵਰਿਆਮੀ – ਭੈਣੇ, ਚੁਪ ਈ ਭਲੀ ਏ, ਜ਼ਮਾਨੇ ਬੜੇ ਭੈੜੇ ਆ ਗਏ ਨੇ। ਪੜ੍ਹਿਆ ਲਿਖਿਆਂ ਨੇ ਤਾਂ ਮੂਲੋਂ ਗਿਲ ਗਾਲ ਦਿੱਤੀ ਏ। ਹੋਰ ਕਿਸੇ ਦਾ ਕੀ ਆਦਰ ਮਾਨ ਕਰਨਾ, ਮਾਂ ਪਿਉ ਦੀ ਵੀ ਕੋਈ ਪਰਵਾਹ ਨਹੀਂ ਕਰਦੇ।

ਤੇਜੋ – ਅਸੀਂ ਭਾਬਰੀ ਤਾਹੀਓਂ ਮੁੰਡੇ ਨੂੰ ਪੜ੍ਹਨੇ ਨਹੀਂ ਪਾਇਆ। ਪੜ੍ਹ ਲਿਖ ਕੇਵਿਗੜ ਜਾਂਦੇ ਨੇ। ਕਿਸੇ ਨੂੰ ਸਿਆਣਦੇ ਵੀ ਨਹੀਂ। ਆਪ ਹੁਦਰੇ ਹੋ ਜਾਂਦੇ ਨੇ।

ਤਾਰੋ – (ਗੁੱਸੇ ਨਾਲ ਤੁਰੀ ਜਾਂਦੀ) ਲੋਕਾਂ ਦੀ ਕੀ ਮਤ ਮਾਰੀ ਹੋਈ ਏ ਜਿਹੜਾ ਪੜ੍ਹ ਲਿਖ ਕੇ ਬੰਦਾ ਬਣ ਜਾਏ, ਉਹਨੂੰ ਕਹਿੰਦੇ ਨੇ ਵਿਗੜ ਗਿਆ। ਪਿੰਡਾਂ ਦੇ ਡੰਗਰ ਇਨ੍ਹਾਂ ਨੂੰ ਬਹੁਤ ਸੁਧਰੇ ਹੋਏ ਲਗਦੇ ਨੇ।

ਤੇਜੋ – (ਨੱਕ ਚਾੜ੍ਹ ਕੇ) ਵੇਖਿਆ, ਏਹਨੂੰ ਕਿੰਨਾ ਸੂਲ ਲੱਗਾ।

ਵਰਿਆਮੀ – ਸੂਲ ਹੋਵੇ ਨਾ, ਮੋਹਨ ਦੇ ਸਿਰ ਤੇ ਤਾਂ ਸੁਹਾਗਣ ਬਣੀ ਫਿਰਦੀ ਏ। ਐਵੇਂ ਤੇ ਨਹੀਂ ਸੰਗਾਰ ਪੱਟੀਆਂ ਬਣਾਉਂਦੀ ਤੇ ਵਰਦੀਆਂ ਬਦਲਦੀ ਫਿਰਦੀ।

ਤੇਜੋ – ਕੰਜਰੀ ਕਿਸੇ ਥਾਂ ਦੀ, ਕਿੱਦਾਂ ਚੱਬ ਚੱਬ ਕੇ ਗੱਲਾਂ ਕਰਦੀ ਏ। ਅੰਗੇ ਮੇਰੇ ਦੇਰ ਮਗਰ ਪਈ ਹੋਈ ਸੀ, ਹੁਣ ਨਵਾਂ ਲਾੜਾ ਲਭ ਪਿਆ ਇਹਨੂੰ।

ਵਰਿਆਮੀ – (ਮੁਸਕ੍ਰਾ ਕੇ) ਹਟ ਜਾਵੇਗੀ ਆਪੇ, ਆ ਗਈ ਏ ਏਹਦੀ ਸੌਂਕਣ ... ਨਵੀਂ ਮਾਸ਼ਟਰਾਣੀ।

ਤੇਜੋ – ਭੁੱਖ ਦੀ ਧੀ ਰੱਜੀ ਤੇ ਖੇਹ ਉਡਉਣ ਲੱਗੀ। ਅਜੇ ਕਲ੍ਹ ਸਿੱਟੇ ਚੁਗਦੀ ਤੇ ਲੋਕਾਂ ਦਾ ਪੀਂਹਦੀ ਸੀ। (ਰੰਡੀ ਕਿੱਡੀ ਛੇਤੀ ਫਿਟ ਗਈ ਏ।

ਵਰਿਆਮੀ – ਏਹੋ ਜਹੀਆਂ ਛੁਟੜਾਂ ਦਾ ਕੀ ਹੁੰਦਾ ਏ।

ਤੇਜੋ – ਨੀ ਨਿਆਮਤੇ ! ਕੁੜੇ ਉਰੇ ਤਾ ਆ।

ਨਿਆਮਤੇ – ਇਕ ਮੁਟਿਆਰ (ਸਿਰਫ ਕੁਛੜ ਦੇ ਮੁੰਡੇ ਦੀ ਮਾਂ)। ਮੁੰਡੇ ਦੇ ਹੱਥ ਮੂੰਹ ਤੇ ਪਿੰਡੇ ਤੇ ਮਣ ਮਣ ਮੈਲ ਹੈ, ਪਰ ਉਂਞ ਚਾਂਦੀ ਦੇ ਕੰਗਣ ਤੇ ਗਲ ਵਿੱਚ ਰੱਸੀ ਪਾਈ ਹੋਈ ਹੈ।

ਵਰਿਆਮੀ – ਨੀ ਕਾਮੀਏ, ਕੀ ਕਮਾਈ ਕਰਦੀ ਕਹਿੰਨੀ ਏਂ ਸਾਰਾ ਦਿਨ?

ਦੇਖੀ ਵੀ ਨਹੀਂ ਕਦੇ।

ਨਿਆਮਤੇ – ਭੈਣੇ, ਸਾਰਾ ਦਿਨਘਰ ਦੇ ਕੰਮ ਕਾਰ ਨਹੀਂ ਮੁਕਦੇ। ਉੱਤੜ-ਗੁਤੜੀਆਂ ਵਿੱਚ ਹੀ ਦਿਨ ਲੰਘ ਜਾਂਦਾ ਏ।

ਤੇਜੋ– (ਹੱਸ ਕੇ) ਨਾਲੇ ਹੁਣ ਤਾਂ ਤਮ੍ਹਾਂ ਵੀ ਬਹੁਤੀ ਹੋ ਗਈ ਐ, ਸੁਖ ਨਾਲ ਵਖਰੀ ਜੂ ਹੋ ਗਈ।

ਨਿਆਮਤੇ – ਭੈਣੇ, ਕੀ ਦੱਸਾਂ, ਨਵੇਂ ਸਿਰਿਓਂ ਸਾਰਾ ਘਰ ਬਣਾਉਣਾ ਪਿਆ ਏ। ਸੱਸ ਨੇਤਾਂ ਚਾਰ ਭਾਂਡੇ ਦੇ ਕੇ ਘਰੋਂ ਕੱਢ ਦਿੱਤਾ ਸੀ।

ਵਰਿਆਮੀ – ਸੱਸ ਵੀ ਤੇਰੀ ਖਸਮ ਨੂੰ ਖਾਣੀ ਕਲਹਿਣੀਂ ਏਂ।

ਤੇਜੋ – ਚੰਗਾ ਏ, ਰੋਜ ਰੋਜ ਦੇ ਪਿੱਟਣੇਨਾਲੋਂ। ਆਪਣੇ ਘਰ ਕੋਈ ਸੁਖੀ ਰਹੇ, ਕੋਈ ਦੁਖੀ।

ਵਰਿਆਮੀ – ਨਿਤ ਦਾ ਕਲੇਸ਼ ਵੀ ਜਾਨ ਦਾ ਖੌ ਹੁੰਦਾ ਏ।

ਨਿਆਮਤੇ – ਸਚ ਏ ਭੈਣੇ ਮਸਾਂ ਅਜ਼ਾਬ 'ਚੋਂ ਛੁੱਟੇ ਆਂ।

ਵਰਿਆਮੀ – (ਮੂੰਹ ਵਲ ਦੇਖ ਕੇ) ਕੁੜੇ, ਤੂੰ ਮੁੰਡੇ ਦੇ ਟੀਕੇ ਕਰਾਏ ?

ਨਿਆਮਤੇ – ਭਣੇ, ਮਸਾਂ ਲੁਕਾ ਛੁਪਾ ਕੇ ਰਖਿਆ ਏ। ਮਰ ਜਾਣੇ ਰੋਜ ਆ ਜਾਂਦੇ ਨੇ। ਇਨ੍ਹਾਂ ਵਿਹਲਿਆਂ ਨੂੰ ਖੌਰੇ ਕੀ ਲਭਦਾ ਏ ਨਿਆਣਿਆਂ ਦੀਆਂ ਬਾਹਾਂ ਪਾੜਨ ਨਾਲ।

ਤੇਜੋ – ਨੀ ਨਾਲੇ ਕਹਿੰਦੇ ਨੇ ਚੰਗੇ ਹੁੰਦੇ ਨੇ। ਕਈ ਕਈ ਦਿਨ ਨਿਆਣੇ ਤੀਵੀਂ ਦੀ ਸੁਰਤ ਮਾਰੀ ਰਖਦੇ ਨੇ।

ਤੇਜੋ – ਤੇ ਫੇਰ ਐਵੇਂ ਕਹਿੰਦੇ ਨੇ, ਟੀਕਾ ਕਰਾਉਣ ਨਾਲ ਮਾਤਾ ਨਹੀਂ ਨਿਕਲਦੀ।

ਨਿਆਮਤੇ – ਵਿਹਲੀਆਂ ਗੱਲਾਂ। ਏਹ ਤਾ ਅੱਲਾ ਦੀ ਰਜਾ ਏ।

ਵਰਿਆਮੀ – ਭਾਵੇਂ ਕੋਈ ਕੁਛ ਕਰੇ, ਕਰਮਾਂ ਦੇ ਲਿਖੇ ਦੁਖ ਸੁਖ ਭੋਗਣੇ ਈ ਪੈਂਦੇ ਨੇ। ਨਾਲ ਜੇਹੜਾ ਰੱਖ ਨਾ ਕਰੇ ਮਾਤਾ ਵੀ ਉਹਨੂੰ ਕਰੜਾਈ ਕਰਦੀ ਏ।

ਇਕ ਦਸ ਯਾਰਾਂ ਸਾਲ ਦੀ ਕੁੜੀ ਜਿਸ ਦੇ ਨੱਕ ਕੰਨ ਵਿੰਨ੍ਹੇ ਹੋਏ ਹਨ ਸਿਰ ਤੇ ਸੁਆਹ ਦੀ ਟੋਕਰੀ ਚੁੱਕੀ ਕੋਲੋਂ, ਦੀ ਲੰਘਦੀ ਹੈ।

ਨਿਆਮਤੇ – ਲੈ ਨੀ, ਤੈਨੂੰ ਤਾਂ ਬਥੇਰਾ ਸੁਖ ਹੋ ਗਿਆ। ਕੁੜੀ ਸੁਖ ਨਾਲ ਸਾਰਾ ਕੰਮ ਕਰਨ ਜੋਗੀ ਹੋ ਗਈ।

ਵਰਿਆਮੀ – ਭੈਣੇ, ਕਾਹਦਾ ਸੁਖ ਏ, ਏਹ ਪਰਾਇਆ ਧਨ ਕਿੰਨਾ ਕੁ ਚਿਰ ਬੈਠਾ ਰਹਿਣਾ। ਧੀਆਂ ਦੀ ਮਾਂ ਰਾਣੀ, ਬੁਢੇਪੇ ਭਰਦੀ ਪਾਣੀ। (ਅੱਖਾਂ ਭਰ ਕੇ) ਕੋਈ ਮੁੰਡਾ ਹੁੰਦਾ ਤਾਂ ਕਿਸੇ ਨੋਂਹ ਦੇ ਆਉਣ ਦੀ ਆਸ ਹੁੰਦੀ!

ਤੇਜੋ – ਭਾਬੀ, ਸੁਣਿਆ ਪਾਰਲੇ ਪਿੰਡ ਕੋਈ ਸੰਤ ਆਇਆ ਹੋਇਆ ਏ।

ਵਰਿਆਮੀ– ਭੈਣੇ, ਸਭ ਗੁਰ ਪੀਰ, ਗੁੱਗੇ, ਮੜ੍ਹੀ, ਮਸਾਣੀ, ਚੇਲੇ, ਟੂਣੇ ਕਰ ਕੇ ਵੇਖ ਲਏ। ਬਾਬੇ ਵੜਭਾਗ ਸਿੰਘ ਦੇ ਡਿਹਰੇ ਵੀ ਜਾ ਆਈ ਆਂ! ਭੈਣੇ, ਕਰਮਾਂ ਵਿੱਚ ਕੁਝ ਨਾ ਹੋਵੇ ਤਾਂ ਗੁਰ ਪੀਰ ਵੀ ਕੁਝ ਨਹੀਂ ਕਰਦੇ, ਵੇਖ ਪਰਖ ਲਏ ਨੇਸਾਰੇ।

ਕੁੜੀ ਸੁਆਹ ਢੇਰ ਤੇ ਸੁਟ ਕੇ ਮੁੜ ਆਉਂਦੀ ਹੈ।

ਨਿਆਮਤੇ – ਕੁੜੀ ਤਾਂ ਤੇਰੀ ਭੈਣੇ, ਧਰੇਕ ਵਾਂਗ ਵਧਦੀ ਜਾਂਦੀ ਏ। ਅਜੇ ਪਿਛਲੇ ਸਾਲ ਨਿੱਕੀ ਜਿੰਨੀ ਸੀ।

ਵਰਿਆਮੀ – ਭੈਣੇ, ਰੋਜ ਪਿੱਟਨੀਆਂ, ਪਈ ਦੇਖੋ ਕਿਤੇ ਕੋਈ ਮੁੰਡਾ। ਕੁੜੀ ਮੁਟਿਆਰ ਹੋ ਗਈ ਏ।

ਤੇਜੋ – ਆਹੋ ਭੈਣੇ ਦੱਮ ਦਾ ਭਰੋਸਾ ਨਹੀਂ, ਜਿਹੜਾ ਭਾਰ ਸਿਰੋਂ ਹੌਲਾ ਹੋ ਜਾਏ, ਓਹੋ ਚੰਗਾ।

ਨਿਆਮਤੇ – ਅਣੀਏ, ਮੁੰਡੇ ਅਜ ਕਲ੍ਹ ਕਿਹੜੇ ਸੌਖੇ ਮਿਲ ਜਾਂਦੇ ਨੇ।

ਵਰਿਆਮੀ – ਸੱਚੀ ਗੱਲ ਏ ਤੇਰੀ। ਜੇਹੜਾ ਦੇਖੀਏ, ਪਹਿਲੋਂ ਪੁਛਦੈ "ਕੁੜੀ ਪੜ੍ਹੀ ਹੋਈ ਏ?" ---- ਕੁੜੇ ਚੰਨੋ!

ਚੰਨੋ – ਮਾਂ, ਕੀ ਕਹਿਣੀ ਐਂ ?

ਵਰਿਆਮੀ – ਮੈਂ ਕਿਹਾ, ਸਿੱਧੀ ਘਰ ਨੂੰ ਜਾਈਂ, ਰਸਤੇ ਵਿੱਚ ਨਾ ਖਲੋਵੀਂ ਕਿਸੇ ਕੁੜੀ ਕੋਲ। ਅੰਦਰ ਬਾਹਰ ਸੰਵਰਨ ਨੂੰ ਪਿਆ। ਜੇ ਮੁੰਨੀ ਰੋਈ ਤਾਂ ਉਹਨੂੰ ਚੁਕ ਲਈਂ। ਚੱਕੀ ਚੋਂ ਆਟਾ ਕੱਢ ਕੇ ਚਾਟੀ ਵਿੱਚ ਪਾ ਦੇਵੀਂ। ਨਾਲੇ ਆਟੇ ਦੀ ਮੁਠ ਵੀ ਗੁੰਨ੍ਹ ਛਡੀਂ, ਤੇਰੇ ਬਾਪੂ ਨੇ ਤਰੀਕੇ ਜਾਣਾ।

ਚੰਨੋ – ਮੈਂ ਕੀ ਕਰਾਂ, ਸਾਰਾ ਕੰਮ ਮੇਰੇ ਲਈ ਰਖਿਆ ਹੋਇਆ ?

ਵਰਿਆਮੀ – ਚੂੰਡਾ ਫੂਕ ਦੇਊਂ, ਜੇਬਹੁਤੀ ਟਰ ਟਰ ਕੀਤੀ ਤੇ, ਸਿਰ ਸੜੀ।

ਤੇਜੋ – ਨੀ ਮੈਂ ਸੁਣਿਆਂ, ਮਾਸ਼ਟਰਾਣੀ ਤੇਰੇ ਘਰ ਵੀ ਆਈ ਸੀ?

ਵਰਿਆਮੀ – ਆਹੋ ਭੈਣੇ ! ਕਹਿੰਦੀ ਸੀ ਕੁੜੀ ਨੂੰ ਪੜ੍ਹਨ ਭੇਜਿਆ ਕਰ। ਨਾਲ ਕਹੇ, ਤੁਸੀਂ ਆਪ ਆਇਆ ਕਰੋ। ਹੋਰ ਹੋਰ ਬਥੇਰੀਆਂ ਗੱਲਾਂ ਕਰਦੀ ਸੀ।

ਤੇਜੋ – ਗੱਲਾਂ 'ਚ ਤਾਂ ਕਿਸੇ ਨੂੰ ਵਾਰੇ ਨਹੀਂ ਆਉਣ ਦਿੰਦੀ। ਗੱਲਾਂ ਦਾ ਤਾਂ ਖੱਟਿਆ ਖਾਂਦੀਆਂ ਨੇ ਏਹੋ ਜਹੀਆਂ।

ਨਿਆਮਤੇ – ਨੀ ਹੈ ਤੇ ਬੜੀ ਸੁਚੱਜੀ। ਗੱਲਾਂ ਵੀ ਐਨ ਮੋਹਨ ਵਾਂਗ ਬੜੀਆਂ ਮਿੱਠੀਆਂ ਮਿੱਠੀਆਂ ਕਰਦੀ ਏ।

ਤੇਜੋ – ਕਿੰਨਾ ਆਖ ਲਓ, ਰਤਾ ਜਿੱਨਾ ਗੁੱਸਾ ਨਹੀਂ। ਤੀਵੀਆਂ ਬਥੇਰਾ ਕੁਝ ਕਹਿੰਦੀ ਰਹਿੰਦੀਆਂ ਨੇ, ਪਰ ਉਹਦੇ ਕੋਈ ਯਾਦ ਚਿਤ ਨਹੀਂ।

ਨਿਆਮਤੇ – ਮੋਹਨ ਵੀ ਜਾਂ ਗੱਲਾਂ ਕਰਦਾ ਏ, ਦੂਜੇ ਦੇ ਦਿਲ ਵਿੱਚ ਘਰ ਕਰਦਾ ਜਾਂਦੈ।

ਵਰਿਆਮੀ – ਏਹੋ ਜਹੀਆਂ ਮਿੱਠੀਆਂ ਗੱਲਾਂ ਕਰਨ ਵਾਲੇ ਤਾਂ ਪਿੱਛੋਂ ਚੰਨ ਚਾੜ੍ਹਦੇ ਨੇ। ਉਹ ਸਾਧ ਨਹੀਂ ਸੀ ਦੇਖਿਆ? ਉਦੋਂ ਪਤਾ ਲੱਗੇ, ਜਦੋਂ ਤੀਵੀਂ ਕੱਢ ਕੇ ਲੈ ਗਿਆ ਪਿੰਡ ਚੋਂ।

ਤੇਜੋ – (ਹੱਸਦੀ ਹੋਈ) ਇਸ ਨੇ ਵੀ ਦੇਖ ਲਿਓ ਹੋਰ ਚਹੁੰ ਦਿਨਾਂ ਨੂੰ ਕੋਈ ਨਾ ਕੋਈ ਪਟ ਪਾ ਦੇਣਾ।

ਨਿਆਮਤੇ – ਅੱਛਾ, ਹੋਰ ਕੀ ਕਹਿੰਦੀ ਸੀ?

ਵਰਿਆਮੀ – ਕਹੇ, ਪੜ੍ਹ ਕੇ ਕੋਈ ਚੱਜ 'ਚਾਰ ਆ ਜਾਵੇਗਾ। ਮੈਂ ਮਨ ਵਿੱਚ ਕਿਹਾ, ਜੇਹੋ ਜਿਹਾ ਤੈਨੂੰ ਆਉਂਦਾ ਏ, ਓਹੋ ਜਿਹਾ ਤੂੰ ਅੱਗੇ ਸਿਖਾਉਣੈ।

ਤੇਜੋ – ਹਾਇਆ ਨੀ, ਏਹ ਤੇ ਬਹੁਤ ਈ ਖੁੱਲ੍ਹੀ ਏ। ਜਰਾ ਸ਼ਰਮ ਹਯਾ ਨਹੀਂ। ਜਿਹਦੇ ਨਾਲ ਨਹੀਂ ਉਹਦੇ ਨਾਲ ਗੱਲਾਂ ਕਰਨ ਲਗ ਜਾਂਦੀ ਏ।

ਵਰਿਆਮੀ – ਐਉਂ ਮੂੰਹ ਚੁੱਕੀ ਫਿਰਦੀ ਏ ਜਿੱਦਾਂ ਕਿਤੇ ਨਾਨਕੇ ਆਈ ਹੋਈ ਹੁੰਦੀ ਏ।

ਤੇਜੋ – (ਮੁਸਕ੍ਰਾ ਕੇ) ਥੌਰੇ ਭੈਣੇ ਨਾਨਕੇ ਈ ਆਈ ਹੋਈ ਏ।

ਨਿਆਮਤੇ – ਐਵੇਂ ਨਾ ਨੀ ਚੰਗੇ ਭਲੇ ਬੰਦੇ ਨੂੰ ਦੋਸ਼ ਦਿਆ ਕਰੋ। ਸਾਡੀ ਖ਼ਾਤਰ ਈ ਫਿਰਦੀ ਏ ਕਿ।

ਤੇਜੋ – (ਸਾਹਮਣੇ ਜਸੋਧਾਂ ਨੂੰ ਆਉਂਦੀ ਵੇਖ ਸੁਭਾਵਕ ਹੈਰਾਨੀ 'ਚ) ਕਿੰਨੀ ਸੋਹਣੀ ਏਂ! ਕਪੜੇ ਵੀ ਕੋਈ ਐਡੇ ਮੁਲ ਦੇ ਨਹੀਂ!

ਜਸੋਧਾਂ – ਉੱਚੀ, ਲੰਮੀ, ਮੋਟੀਆਂ ਅੱਖਾਂ, ਤਿੱਖੇ ਨਕਸ਼, ਉਮਰ ਲਗ ਪਗ ਵੀਹ ਕੁ ਸਾਲ ਹੈ। ਕਪੜੇ–ਸਲਵਾਰ, ਜੈਂਪਰ, ਦੁਪੱਟਾ ਤੇ ਪੋਠੋਹਾਰ ਦੀ ਸਾਦੀ ਜੁੱਤੀ ਹੈ। ਤਾਰੋ ਉਸ ਦੇ ਨਾਲ ਹੈ।

ਜਸੋਧਾਂ – ਬੀਬੀ ਜੀ, ਤੁਸੀਂ ਕੋਈ ਜਵਾਬ ਨਾ ਦਿੱਤਾ ਫੇਰ ?

ਵਰਿਆਮੀ – ਬੀਬੀ ਜੀ, ਸਾਡੀ ਸਲਾਹ ਨਹੀਂ ਪੜ੍ਹਾਉਣ ਦੀ।ਘਰ ਦਾ ਸਾਰਾ ਕੰਮ ਕਾਰ ਓਹੋ ਕਰਦੀ ਏ।

ਜਸੋਧਾਂ – ਬੀਬੀ ਜੀ, ਘਰ ਦੇ ਕੰਮ ਤਾਂ ਕਦੇ ਮੁੱਕਣੇ ਨਹੀਂ। (ਮੁਸਕ੍ਰਾ ਕੇ) ਜਦੋਂ ਉਹ ਨਹੀਂ ਸੀ, ਉਦੋਂ ਵੀ ਕੰਮ ਚਲਦੇ ਸੀ ਨਾ। ਲੜਕੀ ਦੀ ਜ਼ਿੰਦਗੀ ਸੁਧਰ ਜਾਵੇਗੀ।

ਤੇਜੋ – ਕੁੜੀਆਂ ਨੇ ਪੜ੍ਹ ਕੇ ਕੇਹੜੀਆਂ ਨੌਕਰੀਆਂ ਕਰਨੀਆਂ ਨੇ।

ਜਸੋਧਾਂ– (ਹਸ ਕੇ) ਬੀਬੀ ਜੀ, ਸਾਰਾ ਜਹਾਨ ਨੌਕਰੀਆਂ ਲਈ ਨਹੀਂ ਪੜ੍ਹਦਾ। ਵਿਦਿਆ ਚਾਨਣ ਹੈ। ਇਸ ਤੋਂ ਬਿਨਾਂ ਬੰਦਾ ਅੰਨੇ ਵਾਂਗ ਹੁੰਦਾ ਏ। ਪੜ੍ਹ ਲਿਖ ਕੇ ਅਕਲ ਆ ਜਾਵੇਗੀ। ਸਿਆਣੇ ਬੱਚਿਆ ਦੀ ਮਾਂ ਬਣੇਗੀ। ਘਰ ਦੀ ਚੰਗੀ ਤਰ੍ਹਾਂ ਸੰਭਾਲ ਕਰਨ ਜੋਗੀ ਹੋ ਜਾਵੇਗੀ। ਹੋਰ ਰਿੰਨ੍ਹਣ ਪਕਾਉਣ, ਸੀਉਣ ਪਰੋੜ ਸਭ ਸਿਖਾਵਾਂਗੇ।

ਤਾਰੋ – ਚਾਚੀ, ਭੇਜ ਦਿਆ ਕਰੋ ਵੇਰ। ਬੰਦਿਆਂ ਨੂੰ ਆਪੇ ਵੀਰ ਹੋਰੀਂ ਮਨਾ ਲੈਣਗੇ।

ਵਰਿਆਮੀ – ਬੰਦੇ ਤਾਂ ਕੁਝ ਨਹੀਂ ਕਹਿੰਦੇ, ਜਿੱਦਾਂ ਕਹਾਂਗੇ ਮੰਨ ਜਾਣਗੇ।

ਤਾਰੋ– ਤਾਂ ਫੇਰ ਕੀ ਢਿੱਲ ਏ?

ਜਸੋਧਾਂ – ਤੁਸੀਂ ਬੀਬੀ ਜੀ, ਫੇਰਇਸ ਤਰ੍ਹਾਂ ਕਰੋ, ਜੋ ਸਵੇਰ ਨੂੰ ਕੰਮ ਦੇ ਮੌਕੇ ਨਹੀਂ ਵਿਹਲ ਤਾਂ ਸਿਆਣੀਆਂ ਤੀਵੀਆਂ ਨਾਲ ਦੁਪਿਹਰ ਨੂੰ ਭੇਜ ਦਿਆ ਕਰੋ। ਜਾਂ ਜਿਸ ਵੇਲੇਵੀ ਵਿਹਲ ਹੋਵੇ ਉਸੇ ਵੇਲੇ ਭੇਜ ਦਿਆ ਕਰੋ। ਹੁਣ ਤੇ ਕੋਈ ਇਤਰਾਜ ਨਹੀਂ ?

ਨਿਆਮਤੇ – ਭੇਜ ਦਿਆਂ ਕਰ ਨੀ ਪਰੇ, ਚਾਰ ਅੱਖਰ ਪੜ੍ਹ ਹੀ ਜਾਵੇਗੀ, ਨਾਲੇ ਕੋਈ ਮੁੰਡਾ ਸੌਖਾ ਲਭ ਪਊ।

ਜਸੋਧਾਂ – ਬੀਬੀ ਜੀ, ਏਹੋ ਉਮਰ ਉਹਦੀ ਕੁਝ ਸਿੱਖਣ ਦੀ ਹੈ। ਵੱਡੀ ਹੋਈ ਸੁਖ ਪਾਏਗੀ।

ਤੇਜੋ – ਭੈਣੇ, ਸਾਨੂੰ ਤਾਂ ਪੜ੍ਹੀਆਂ ਹੋਈਆਂ ਦੀ ਕੋਈ ਗੱਲ ਚੰਗੀ ਨਹੀਂ ਲਗਦੀ।

ਜਸੋਧਾਂ – (ਨਿਆਮਤੇ ਨੂੰ) ਭੈਣ ਜੀ,ਤੁਸੀਂ ਗੁੱਸਾ ਨਾ ਕਰਨਾ। (ਤੇਜ ਨੂੰ) ਜੇ ਇਸ ਬੀਬੀ ਨੂੰ ਵਿਦਿਆ ਦੇ ਚਾਨਣ ਦੀ ਲੋ ਲਗੀ ਹੁੰਦੀ, ਤਾਂ ਅਜ ਏਹ ਕਾਕੇ ਨੂੰ ਇਸ ਤਰ੍ਹਾਂ ਨਾ ਰੁਲਾਉਂਦੇ। ਏਹੋ ਬੱਚਾ ਬੜਾ ਸਾਫਾ ਸੁਥਰਾ ਹੁੰਦਾ। ਆਹ ਦੇਖੋ, ਕੜਿਆਂ ਹੇਠਾਂ ਕਿੰਨੀ ਮੈਲ ਲੱਗੀ ਹੋਈ ਏ।

ਨਿਆਮਤੇ – (ਗੁੱਸੇ ਨਾਲ ਮੁੰਡੇ ਨੂੰ ਪਿੱਛੇ ਹਟਾ ਕੇ) ਭੈਣੇ, ਚੰਗਾ ਭਲਾ।ਸਾਨੂੰ ਏਹੋ ਚੰਨ ਵਰਗਾ ਏ।

ਤਾਰੋ – ਜਹੀ ਕੋਕੋ ਤੇਹੇ ਕੋਕੇ ਦੇ ਬੱਚਾ।

ਨਿਆਮਤੇ – ਜਾਹ ਨੀ ਜਾਹ, ਲੱਗੀ ਏਂ ਬਹੁਤੀਆਂ ਵਨਾਈਆਂ ਸਾੜਨ। ਸੱਦੀ ਨਾ ਬੁਲਾਈ ਮੈਂ ਲਾੜੇ ਦੀ ਤਾਈ। (ਜਸੋਧਾਂ ਵਲ ਮੂੰਹ ਕਰ ਕੇ) ਮੈਂ ਸਗੋਂ ਵਡਿਆਈਆਂ ਕਰਦੀ ਆਂ।

ਜਸੋਧਾਂ – ਬੀਬੀ ਅਜੀ, ਬੜਾ ਗੁੱਸਾ ਕੀਤਾ ਤੁਸਾਂ ਤੇ। ਮਾੜੀ ਗੱਲ ਤੇ ਕੋਈ ਨਹੀਂ ਸੀ ਆਖੀ।

ਤਾਰੋ – ਸੱਚੀ ਗੱਲ ਕੌੜੀ ਈ ਲਗਦੀ ਹੁੰਦੀ ਏ।

ਜਸੋਧਾਂ – (ਤਾਰੋ ਨੂੰ ਇਸ਼ਾਰਾ ਕਰ ਕੇ) ਅੱਛਾ, ਮੁਆਫ਼ ਕਰੋ, ਜੋ ਕੁਝ ਕਿਹਾ ਵੀ ਏ ਤੇ।

ਨਿਆਮਤੇ ਗੁੱਸੇ ਨਾਲ ਉਠ ਕੇ ਚਲੀ ਜਾਂਦੀ ਹੈ। ਤੇਜੋ ਵੀ ਤਾਰੋ ਵਲ ਦੇਖਦੀ ਬੁਲ੍ਹ ਫੇਰਦੀ ਉਸ ਦੇ ਨਾਲ ਹੀ ਚਲੀ ਜਾਂਦੀ ਹੈ।

ਪਰਦਾ

# ਦੂਜਾ ਐਕਟ – ਪਹਿਲੀ ਝਾਕੀ

# *ਬਦਲ ਰਿਹਾ ਪਿੰਡ

ਪੁਰਾਣਾ ਪਿੰਡ ਕੁਝ ਕੁਝ ਬਦਲ ਰਿਹਾ ਹੈ। ਗਲੀਆਂ ਖੁੱਲ੍ਹੀਆਂ,ਸਾਫ਼ ਤੇ ਸੁਥਰੀਆਂ, ਕੋਠੇ ਉੱਚੇ ਤੇ ਹਵਾਦਾਰ ਹੋ ਰਹੇ ਹਨ। ਬਹੁਤ ਸਾਰੇ ਮਕਾਨਾਂ ਨੂੰ ਬਾਰੀਆਂ ਤੇ ਰੋਸ਼ਨਦਾਨ ਹਨ। ਡੰਗਰਾਂ ਵਾਲੇ ਕੋਠੇ ਘਰਾਂ ਤੋਂ ਬਿਲਕੁਲ ਵਖਰੇ ਬਣਾਏ ਜਾ ਰਹੇ ਹਨ। ਰੂੜ੍ਹੀਆਂ ਨੂੰ ਟੋਇਆਂ ਵਿੱਚ ਰੱਖਣ ਦਾ ਰਵਾਜ ਪੈ ਰਿਹਾ ਹੈ। ਪਿੰਡ ਵਿੱਚ ਗੰਦੇ ਖੋਲੇ ਘਟ ਨਜ਼ਰ ਆਉਂਦੇ ਹਨ। ਪਰਾਣੇ ਖੂਹ ਦਾ ਆਲਾ-ਦੁਆਲਾ ਸਾਫ਼ ਸੁਥਰਾ, ਮਣ ਪੱਕੀ ਤੇ ਉਪਰੋਂ ਛੱਤਿਆ ਹੋਇਆ ਹੈ। ਪਿੰਡ ਵਿਚਕਾਰਲਾ ਛੱਪਰ ਅੱਧਾ ਪੂਰਿਆ ਗਿਆ ਹੈ। ਉਸੇ ਥਾਂ ਇਕ ਛੋਟੀ ਜਿਹੀ ਹਲਟੀ ਹੈ, ਜਿਸਤੇ ਪਸ਼ੂਆਂ ਦੇ ਪਾਣੀ ਪੀਣ ਲਈ ਇਕ ਲੰਮੀ ਸਾਰੀ ਖਾਲ ਅਤੇ ਮਰਦ ਤੇ ਇਸਤ੍ਰੀਆਂ ਦੇ ਨ੍ਹਾਉਣ ਧੋਣ ਲਈ ਵਖੋ-ਵਖਰੇ ਇੰਤਜ਼ਾਮ ਹਨ।

ਬੋੜ੍ਹ ਹੇਠਲਾ ਪੱਕਾ ਥੜ੍ਹਾ ਚੰਗੀ ਤਰ੍ਹਾਂ ਸੰਵਰਿਆ ਤੇ ਸੁਆਰਿਆ ਹੋਇਆ ਹੈ। ਦੋ ਤਿੰਨ ਸਫਾਂ ਵਿਛੀਆਂ ਹੋਈਆਂ ਹਨ। ਉਨ੍ਹਾਂ ਉਤੇ ਇਕ ਦੋ ਅਖ਼ਬਾਰਾਂ ਪਈਆਂ ਹਨ। ਕੋਲ ਹੀ ਦੋ ਉੱਚੇ ਤੇ ਲੰਮੇ ਕੋਠੇ ਹਨ। ਉਨ੍ਹਾਂ ਦੇ ਸਾਹਮਣੇ ਦੋ ਫੱਟੇ ਲੱਗੇ ਹੋਏ ਹਨ — ਇਕ ਉੱਤੇ ਪੜ੍ਹਨ ਦਾ ਕਮਰਾ (Reading Room) ਦੂਜੇ ਤੇ ਬਾਲਗਾਂ ਦਾ ਸਕੂਲ (Adult School) ਲਿਖਿਆ ਹੋਇਆ ਹੈ।

ਸੂਬੇਦਾਰ ਦੀ ਕੋਠੀ ਦੁਆਲੇ ਇਕ ਚੰਗਾ ਬਾਗ਼ ਹੈ। ਇਸ਼ਕ-ਪੇਚੇ ਦੀ ਵੇਲ ਬਹੁਤ ਲੰਮੀ ਹੋ ਗਈ ਹੈ। ਸਾਹਮਣੇ ਦੀਆਂ ਦੋਹਾਂ ਕੋਠੀਆਂ ਅੱਗੇ ਬੋਰਡ ਲੱਗੇ ਹੋਏ ਹਨ। ਇਕ "ਪੰਚਾਇਤ ਦਫ਼ਤਰ" ਤੇ ਦੂਜਾ "ਪਿੰਡ ਸੁਧਾਰ ਸਭਾ' ਦਾ। ਸਭਾ ਵਾਲੇ ਕਮਰੇ ਵਿੱਚ ਮਨਮੋਹਨ ਬੈਠਾ ਅਖ਼ਬਾਰ ਪੜ੍ਹ ਰਿਹਾ ਹੈ। ਕਮਰੇ ਨੂੰ ਦ ਦਰਵਾਜ਼ੇ ਨੇ, ਇਕ ਅੰਦਰ ਵਲ ਤੇ ਦੂਜਾ ਬਾਹਰ ਵਲ ਖੁੱਲ੍ਹਦਾ ਹੈ।

ਮਨ – (ਬਿੜਕ ਸੁਣ ਕੇ ਤੇ ਬਾਹਰਲੇ ਦਰਵਾਜ਼ੇ ਵਲ ਵੇਖ ਕੇ) ਆ ਜਾਓ ਅੰਦਰ। ਬੂਹੇ 'ਚ ਕਿਉਂ ਖੜੋ ਗਏ?

ਜਸੋਧਾਂ – (ਮੁਸਕ੍ਰਾ ਕੇ) ਮੁਆਫ਼ ਕਰਨਾ, ਮੇਰੇ ਆਉਣ ਨਾਲ ਡਿਸਟਰਡ ਤਾਂ ਨਹੀਂ ਹੋ ਗਏ?

ਮਨ – (ਅਖ਼ਬਾਰ ਰਖ ਕੇ, ਹਸਦਾ ਹੋਇਆ ਮਸਤੀ ਵਿੱਚ) ਮੈਂ ਤੇ ਨਹੀਂ, ਮੇਰਾ ਦਿਲ ਜ਼ਰੂਰ ਡਿਸਟਰਬ ਹੋ ਜਾਂਦਾ ਏ ਤੁਹਾਡੇ ਆਉਣ ਨਾਲ।

ਜਸੋਧਾਂ – )ਨੀਵੀਂ ਅੱਖੀਂ ਮੁਸਕ੍ਰਾ ਕੇ ਪਿੱਛੇ ਹਟਦੀ ਹੋਈ)ਮੈਂ ਏਹ ਕਦੇ ਬਰਦਾਸ਼ਤ ਨਹੀਂ ਕਰ ਸਕਦੀ ਕਿ ਮੇਰੇ ਆਉਣ ਨਾਲ ਤੁਹਾਡੇ ਕੰਮ 'ਚ ਕੋਈ ਖਲਬਲੀ ਪਵੇ। ਮੈਂ ਚਲਨੀ ਆਂ।

ਮਨ – (ਉੱਠ ਕੇ) ਪਰ ਜੀ, ਤੁਹਾਡੇ ਜਾਣ ਨਾਲ ਤਾਂ ਸਗੋਂ ਬਹੁਤੀ ਖਲ-ਬਲੀ ਪਵਗੀ। (ਕੁਰਸੀ ਅੱਗੇ ਰਖ ਕੇ ਬੜੇ ਅਦਬ ਨਾਲ) ਬੈਠੋ ਨਾ।

ਦੋਵੇਂ ਬੈਠ ਜਾਂਦੇ ਹਨ। ਪਰ ਕਿੰਨਾ ਚਿਰ ਦੋਹਾਂ ਵਿੱਚਾਂ ਕਿਸੇ ਨੂੰ ਬੋਲਣ ਦੀ ਜੁਰਅਤ ਨਹੀਂ ਪੈਦੀ ਤੇ ਨਾ ਹੀ ਕੋਈ ਗਲ

* ਬਦਲ ਰਹੇ ਪਿੰਡ ਦੇ ਸਮੁੱਚੇ ਦ੍ਰਿਸ਼ ਦਾ ਵਖਰਾ ਪਰਦਾ ਹੋਣਾ ਚਾਹੀਦਾ ਹੈ।

ਔੜਦੀ ਹੈ। ਜਸੋਧਾਂ ਆਪਣੀ ਬੇਚੈਨੀ ਲੁਕਾਉਣ ਲਈ ਅਖ਼ਬਾਰ ਚੁਕ ਕੇ ਦੇਖਣ ਲਗ ਜਾਂਦੀ ਹੈ।

ਮਨ – (ਉੱਚੀ) ਮਾਮੀ ਜੀ, ਜਸੋਧਾਂ ਹੋਰੀਂ ਆ ਗਏ ਨੇ।

ਹਰ ਕਰ – (ਅੰਦਰੋਂ ਹੀ) ਕਾਕਾ ਜੀ, ਮੈਂ ਪਹਿਲੋਂ ਹੀ ਉਨ੍ਹਾਂ ਜੋਗਾ ਆਟਾ ਗੁੰਨ੍ਹ ਛੱਡਿਆ ਏ।

ਜਸੋਧਾਂ – (ਉੱਚੀ) ਮਾਮੀ ਜੀ, ਤੁਹਾਨੂੰ ਮੇਰੇ ਆਉਣ ਦਾ ਕਿਸ ਤਰ੍ਹਾਂ ਪਤਾ ਸੀ?

ਹਰ – (ਅੰਦਰੋਂ) ਦਿਲਾਂ ਦੇ ਦਿਲਾਂ ਨੂੰ ਰਾਹ ਹੁੰਦੇ ਨੇ, ਤੇ ਨਾਲੇ ਅਜ ਐਤਵਾਰ ਦੀ ਛੁੱਟ. ਸੀ। ਫੇਰ ਨਾਆਉਂਦੀ ਮੇਰੀ ਬੀਬੀ ਧੀ।

ਜਸੋਧਾਂ – (ਹੌਲੀ) ਮਾਮੀ ਜੀ ਹੋਰੀਂ ਬੜੇ ਸਿਆਣੇ ਨੇ। ਜ਼ਬਾਨ 'ਚ ਕਿੰਨੀ ਮਿਠਾਸ ਏ।

ਮਨ – ਬੜੀ ਸਿਆਣੀ ਤੀਵੀਂ ਏ। ਸਭ ਕੁਝ ਸਮਝਦੀ ਏ। ਘਰ ਦਾ ਸਿਲਸਿਲਾ ਚਲਦਾ ਹੀ ਏਹਦੇ ਸਿਰ ਤੇ ਜੇ।

ਜਸੋਧਾਂ – ਬਾਹਰ ਫਿਰਨ ਤੁਰਨ ਨਾਲ ਬੜਾ ਫ਼ਰਕ ਪੈ ਜਾਂਦਾ ਏ, ਜ਼ਨਾਨੀਆਂ ਸਿਆਣੀਆਂ ਹੋ ਜਾਂਦੀਆਂ ਨੇ।

ਮਨ – ਠੀਕ ਏ! (ਠਰ੍ਹਮੇ ਨਾਲ) ਜਸੋਧਾਂ, ਮੈਂ ਕਈ ਵਾਰ ਖ਼ਿਆਲ ਕਰਦਾਂ ਪਈ ਤੁਹਾਨੂੰ ਇਥੇ ਮੰਗਵਾ ਕੇ ਬਹੁਤ ਬੁਰਾ ਕੀਤਾ। ਪਿੰਡ ਦੀਆਂ ਗੰਦੀਆਂ ਸੜੀਆਂ ਤੀਵੀਆਂ, ਜਿਨ੍ਹਾਂ ਨੂੰ ਮੂੰਹ ਧੋਣ ਦਾ ਵਲ ਨਹੀਂ ਆਉਂਦਾ, ਜਦੋਂ ਤੁਹਾਨੂੰ ਮੰਦਾ ਚੰਗਾ ਬੋਲਦੀਆਂ ਨੇ, ਮੈਨੂੰ ਬੜਾ ਦੁਖ ਹੁੰਦਾ ਏ।

ਜਸੋਧਾਂ – (ਮੁਸਕ੍ਰਾਉਂਦੀ ਹੋਈ) ਭਲਾ ਜੀ, ਉਨ੍ਹਾਂ ਵਿਚਾਰੀਆਂ ਦਾ ਕੀ ਕਸੂਰ। ਉਨ੍ਹਾਂ ਨੂੰ ਸਮਝ ਹੀ ਏਨੀ ਏ। ਉਨ੍ਹਾਂ ਦੀ ਅਕਲ ਤੋਂ ਪਰੇ ਹਰੇਕ ਕੰਮ ਮਾੜਾ ਹੁੰਦਾ। ਜੀ ਤੁਸੀਂ ਕੋਈ ਖ਼ਿਆਲ ਨਾ ਕਰੋ। ਮੈਂ ਇਨ੍ਹਾਂ ਗੱਲਾਂ ਦੀ ਕੋਈ ਪ੍ਰਵਾਹ ਨਹੀਂ ਕਰਦੀ। ਇਨ੍ਹਾਂ ਮਿਹਣੇ ਤੋਹਮਤਾਂ ਤੋਂ ਡਰਦੀਆਂ ਤੀਵੀਆਂ ਆਖ਼ਰ ਕਿੰਨਾ ਕੁ ਚਿਰ ਅੰਦਰ ਵੜੀਆਂ ਰਹਿਣਗੀਆਂ। ਤੁਹਾਨੂੰ ਪਤਾ ਈ ਏ, ਸੁਧਾਰ ਦੇ ਕੰਮਾਂ ਵਿ ਬਦਨਾਮੀ ਤਾਂ ਪਹਿਲੋਂ। (ਹੱਸ ਕੇ) ਜੀ, ਉਖਲੀ 'ਚ ਸਿਰ ਦਿਤਾ, ਫੇਰ ਮੋਹਲਿਆਂ ਦਾ ਕੀ ਡਰ।

ਮਨ – ਏਹ ਤਾਂ ਮੈਂ ਸਮਝਦਾਂ ਸੁਧਾਰ ਦਾ ਮਤਲਬ ਹੀ ਭਾਈਚਾਰੇ ਦੇ ਖ਼ਿਲਾਫ਼ ਜੰਗ ਏ। ਤੇ 'ਬਦਨਾਮੀ' ਹਮੇਸ਼ਾਂ ਭਾਈਚਾਰੇ ਦਾ ਪਹਿਲਾ ਹਥਿਆਰ ਹੁੰਦਾ ਏ। ਏਹ ਨਕੰਮਾ ਸਮਾਜ ਚੰਗੇ ਮੰਨੇ-ਪ੍ਰਮੰਨੇ ਸੁਧਾਰਕਾਂ ਨੂੰ ਭੰਡਣੋਂ ਫ਼ਰਕ ਨਹੀਂ ਕਰਦਾ।

ਜਸੋਧਾਂ – (ਪਸੀਜ ਕੇ) ਪਰ ਹੁਣ ਤਾਂ ਤੁਹਾਡੀ ਕਾਫ਼ੀ ਔਕੜ ਦੂਰ ਹੋ ਚੁਕੀ ਏ। ਤੁਹਾਡੀ ਲਗਾਤਾਰ ਕੋਸ਼ਸ਼ ਨਾਲ ਜਹਾਲਤ ਦੇ ਕੋਟ ਢਹਿ ਪਏ ਨੇ। ਪਿੰਡ ਵਿੱਚ ਕਾਫ਼ੀ ਜਾਗ੍ਰਤ ਪੈਦਾ ਹੋ ਚੁੱਕੀ ਏ।

ਮਨ – ਏਹ ਸਭ ਤੁਹਾਡੀ ਮਿਲਵੀਂ ਕੋਸ਼ਸ਼ ਦਾ ਨਤੀਜਾ ਏ।

ਜਸੋਧਾਂਇ – ਸੱਚ, ਤੁਸੀਂ ਬੈਂਕ ਦੇ ਮੁਨਾਫ਼ੇ ਦੀ ਗੱਲ ਨਾ ਸੁਣਾਈ, ਕਿਵੇਂ ਹੋਈ ਰਾਤੀਂ।

ਮਨ – ਲਓ! ਉਹ ਖ਼ੁਸ਼ਖ਼ਬਰੀ ਮੈਂ ਦੱਸਣੀ ਭੁਲ ਹੀ ਗਿਆ। (ਖ਼ੁਸ਼ ਹੋ ਕੇ) ਮੁਨਾਫ਼ੇ ਦੇ ਰੁਪਏ ਨੂੰ ਸਾਂਝੇ ਥਾਂ ਖਰਚਣ ਲਈ ਸਭ ਮੈਂਬਰ ਮੰਨ ਗਏ ਨੇ। ਚੌਧਰੀ ਮੰਧੇ ਨੇ ਬੜੀ ਕੋਸ਼ਸ਼ ਕੀਤੀ ਪਰ ਅਖ਼ੀਰ ਜਿਤ ਸਾਡੀ ਹੋਈ।

ਜਸੋਧਾਂ – ਬੜੀ ਖ਼ੁਸ਼ੀ ਦੀ ਗੱਲ ਏ! ਪਰ ਉਹ ਚੌਧਰੀ ਸਾਡੇ ਕੰਮ ਵਿੱਚ ਕਿਉਂ ਰੋੜੇ ਅਟਕਾਉਂਦੈ।

ਮਨ – ਚੌਧਰ ਖੁਸਦੀਏ, ਹੋਰ ਕਿਉਂ।

ਅਵਾਜ਼ – (ਬਾਹਰੋਂ) ਮਨਮੋਹਨ!

ਮਨ – ਕੌਣ ਏ? ਅੰਦਰ ਆ ਜਾਓ ਨਾ, (ਦੇਖ ਕੇ) ਆਈਏ, ਆਈਏ, ਸ਼ਾਹ ਸਾਹਿਬ ਕਦੋਂ ਆਏ ਓ?

ਸ਼ਾਹ – ਰਾਤੀਂ ਅਠ ਦੀ ਗੱਡੀ।

ਦੋਵੇਂ ਜੱਫੀ ਪਾ ਕੇ ਮਿਲਦੇ ਹਨ।

ਮਨ – (ਜਸੋਧਾਂ ਨੂੰ) ਏਹ ਮੇਰੇ ਮਿੱਤਰ ਮਿਸਟਰ ਮੁਬਾਰਕ ਸ਼ਾਹ ਨੇ। ਐਗਰੀਕਲਚਰ ਕਾਲਜ ਲਾਇਲਪੁਰ ਤੋਂ ਬੀ. ਐਸ. ਸੀ. ਦਾ ਇਮਤਿਹਾਲ ਦੇ ਕੇ ਆਏ ਨੇ।

ਜਸੋਧਾਂ – ਬੜੀ ਖ਼ੁਸ਼ੀ ਹੋਈ ਏ ਦਰਸ਼ਨ ਕਰ ਕੇ।

ਮਨ – (ਸ਼ਾਹ ਨੂੰ) ਏਹ ਜੀ, ਕੁੜੀਆਂ ਦੇ ਸਕੂਲ ਵਿੱਚ ਹੈਡ ਮਿਸਟ੍ਰੈਸ ਨੇ। ਇਨ੍ਹਾਂ ਦੀ ਲਿਆਕਤ ਤੇ ਮਿਹਨਤ ਦਾ ਅਸਰ ਰਸੂਖ ਤੁਸੀਂ ਆਖ ਵੇਖ ਲੈਣਾ। (ਹੱਸ ਕੇ) ਪ੍ਰਤਖ ਨੂੰ ਪ੍ਰਮਾਣ ਕੀ।

ਸ਼ਾਹ – (ਅਦਬ ਨਾਲ ਸਿਰ ਝੁਕਾ ਕੇ) ਮੈਂ ਬਹੁਤ ਕੁਝ ਸੁਣ ਲਿਆ ਏ ਇਨ੍ਹਾਂ ਬਾਬਤ। ਮਿਲ ਕ ਬੜੀ ਖ਼ੁਸ਼ੀ ਹੋਈ ਏ। ਬਾਈ ਗੌਡ (ਰੱਬ ਦੀ ਸਹੁੰ) ਰਾਤੀ ਮੈਂ ਤੀਵੀਆਂ ਦੀਆਂ ਗੱਲਾਂ ਸੁਣ ਸੁਣ ਕੇ ਬੜਾ ਹੈਰਾਨ ਹੋਇਆ। ਮੈਂ ਕਿਹਾ ਏਹੋ ਜਿਹਾ ਕਿਹੜਾ ਫ਼ਰਿਸਤਾ ਉਤਰ ਆਇਆ, ਜਿਨ੍ਹੇ ਸਾਲ ਅੰਦਰ ਪਿੰਡ ਦੀ ਕਾਇਆ ਪਲਟ ਦਿੱਤੀ। ਪਿੰਡ ਦੀਆਂ ਕੁੜੀਆਂ ਜਿਨ੍ਹਾਂ ਨੂੰ ਚੁੰਨੀ ਲੈਣ ਦੀ ਜਾਚ ਨਹੀਂ ਸੀ, ਹੁਣ ਬੜੀਆਂ ਦਾਨੀਆਂ ਤੇ ਸੁਚੱਜੀਆਂ ਮੁਟਿਆਰਾਂ ਜਾਪਦੀਆਂ ਨੇ। ਪਹਿਲੋਂ ਮੇਰੀ ਸਿਸਟਰ (ਭੈਣ) ਨਿਆਮਤੇ ਹੀ ਬਿਲਕੁਲ ਬੁਧੁ ਸੀ।

ਮਨ – ਏਹ ਸਭ ਇਨ੍ਹਾਂ ਦੀ ਮਿੱਠੀ ਬੋਲ ਚਾਲ, ਪਵਿੱਤਰ ਆਚਰਨ, ਹਮਦਰਦ ਦਿਲ ਤੇ ਆਦਰਸ਼ਕ ਰਹਿਣੀ ਬਹਿਣੀ ਦਾ ਨਤੀਜਾ ਏ। ਅਗੇ ਤੁਹਾਨੂੰ ਪਤਾ, ਤੀਵੀਆਂ ਵਿੱਚ ਰੀਸ ਦੀ ਆਦਤ ਬੜੀ ਹੁੰਦੀ ਏ।

ਸ਼ਾਹ – ਇਸ ਵਿੱਚ ਕੋਈ ਸ਼ੱਕ ਨਹੀਂ। ਜ਼ਨਾਨੀਆਂ ਦਾ ਨੁਕਤਾ-ਨਿਗਾਹ ਹੀ ਬਦਲ ਗਿਆ ਏ। ਉਹ ਪੁਰਾਣੀਆਂ ਗੱਲਾਂ ਹੀ ਨਹੀਂ ਰਹੀਆਂ।

ਮਨ – ਅੱਛਾ, ਪਰਚਿਆਂ ਦੀ ਸੁਣਾਓ ?

ਸ਼ਾਹ – ਤੁਹਾਡੀ ਮਿਹਰਬਾਨੀ ਨਾਲ ਚੰਗੇ ਹੋ ਗਏ ਨੇ।

ਮਨ – ਹੁਣ ਫੇਰ ਕੀ ਪ੍ਰੋਗਰਾਮ ਏ ?

ਸ਼ਾਹ– ਜੋ ਤੁਸੀਂ ਮੇਰੇ ਲਈ ਤਜਵੀਜ਼ ਕਰੋ, ਤਿੰਨ ਚਾਰ ਮਹੀਨੇ ਬਿਲਕੁਲ ਵਿਹਲਾਂ।

ਮਨ – ਤੁਹਾਨੂੰ ਇਕ ਹੋਰ ਸੁਆਦਲੀ ਗੱਲ ਸੁਣਾਈਏ, ਤਕਰੀਬਨ ਦੋ ਕੁ ਸਾਲੀਂ ਕੋਪਰੇਟਿਵ ਬੈਂਕ ਦਾ ਹਿਸਾਬ ਕੀਤਾ, ਪੂਰਾ ਚਾਰ ਹਜ਼ਾਰ ਰੁਪਿਆ ਮੁਲਾਫ਼ਾ ਬਚਿਆ। ਉਸ ਨੂੰ ਸਾਂਝੈ ਥਾਂ ਖਰਚਣ ਲਈ ਮੈਂਬਰ ਮੰਨ ਗਏ ਨੇ।

ਸ਼ਾਹ – (ਸਿਰ ਹਿਲਾ ਕੇ) ਕਮਾਲ ਏ ਯਾਰ। ਸਮਝ ਨਹੀਂ ਆਉਂਦੀ, ਜ਼ਿਮੀਂਦਾਰਾਂ ਦੇ ਸਿਰ ਕੀ ਧੂੜ ਦਿੱਤੀ ਈ ?

ਜਸੋਧਾਂ – ਬਸ ਏਹੋ ਜਾਦੂ, ਪਈ ਇਨ੍ਹਾਂ ਨੇ ਜ਼ਿਮੀਂਦਾਰਾਂ ਨੂੰ ਦ੍ਰਿੜ ਕਰਾ ਦਿੱਤਾ ਏ ਕਿ ਉਨ੍ਹਾਂ ਦੀ ਕਿਸਮਤ ਵਿਦਿਆ, ਮਿਹਨਤ ਤੇ ਸਾਂਝੇ ਉੱਦਮ ਨਾਲ ਬਦਲ ਸਕਦੀ ਏ।

ਮਨ – ਸਾਨੂੰ ਏਹ ਵੀ ਪਤਾ ਲਗ ਗਿਆ ਏ ਕਿ ਜਿਸ ਕੰਮ ਵਿੱਚ ਜੱਟਾਂ ਦਾ ਆਪਣਾ ਪੈਸਾ ਲੱਗੇ, ਉਸ ਵਿੱਚ ਹੀ ਦਿਲਚਸਪੀ ਲੈਂਦੇ ਨੇ। 'ਜਿੱਥੇ ਉਨ੍ਹਾਂ ਦਾ ਪੈਸਾ, ਉਥੇ ਉਨ੍ਹਾਂ ਦਾ ਦਿਲ'। ਹੁਣ ਅਸੀਂ ਬੜੀ ਛੇਤੀ ਚੱਵੀ ਹਾਰਸ ਪੌਵਰ ਦਾ ਆਇਲ ਇੰਜਨ ਖ਼ਰੀਦ ਕੇ ਸ਼ਾਮਲਾਟ ਵਿੱਚ ਲਾ ਰਹੇ ਆਂ।

ਸ਼ਾਹ – ਪਰ ਏਹ ਤ ਉਸਹਾਲਤ ਵਿੱਚ ਹੋ ਸਕਦੈ, ਜਦੋਂ ਸ਼ਾਮਲਾਟ ਦਾ ਸਾਰਾ ਰਕਬਾ ਇਕੱਠਾ ਹੋ ਜਾਏ।

ਮਨ – ਏਹ ਬੰਦੋਬਸਤ ਵੀ ਹੋਇਆ ਪਿਆ ਸਮਝੋ। ਮੁਰੱਬਾ–ਬੰਦੀ ਦਾ ਕੰਮ ਸ਼ੁਰੂ ਹੋਣ ਵਾਲਾ ਏ। ਅਸਾਂ ਪਹਿਲੋਂ ਜ਼ਿਮੀਂਦਾਰਾਂ ਨੂੰ ਮਨਾ ਲਿਆ ਸੀ ਕਿ ਇਕ ਤਾਂ ਸ਼ਾਮਲਾਟ ਤਕਸੀਮ ਨਹੀਂ ਕੀਤੀ ਜਾਵੇਗੀ ਤੇ ਦੂਜੇ ਸ਼ਾਮਲਾਟ ਦਾ ਸਾਰਾ ਰਕਬਾ ਪਿੰਡ ਲਾਗੇ ਲਿਆਂਦਾ ਜਾਵੇਗਾ। ਅਫਸਰਾਂ ਨੂੰ ਵੀ ਮਿਲ ਚੁਕੇ ਆਂ ਇਸ ਬਾਬਤ।

ਸ਼ਾਹ – ਫੇਰ ਤਾਂ ਇੰਜਨ ਤੋਂ ਹਜ਼ਾਰਾਂ ਕੰਮ ਲਏ ਜਾ ਸਕਦੇ ਨੇ।

ਮਨ – ਸਭ ਤੋਂ ਪਹਿਲਾਂ ਅਸੀਂ ਪਿੰਡ ਦੇ ਸਾਂਝੇ ਫ਼ਾਰਮ ਦੀ ਸਕੀਮ ਸ਼ੁਰੂ ਕਰਾਂਗੇ। ਉਥੇ ਨਮੂਨੇ ਦਾ ਕੰਮ ਤੇ ਫ਼ਸਲਾਂ ਉਗਾ ਕੇ ਦੱਸਾਂਗੇ।

(ਸ਼ਾਹ ਦੇ ਚਿਹਰੇ ਵਲ ਵੇਖ ਕੇ) ਸ਼ਾਹ ਸਾਹਿਬ, ਏਹ ਸਭ ਕੰਮ ਤੁਹਾਡੇ ਜ਼ੁੰਮੇ ਲਾਇਆ ਏ।

ਸ਼ਾਹ – ਮਿਹਰਬਾਨੀ, ਜੋ ਮੈਥੋਂ ਹੋ ਸਕਿਆ ਜ਼ਰੂਰ ਕਰਾਂਗਾ। ਸ਼ੁਰੂ ਵਿੱਚ ਮੈਂ ਤੁਹਾਡੀਆਂ ਸਕੀਮਾਂ ਨੂੰ ਨਿਰੇ ਹਵਾਈ ਕਿਲ੍ਹੇ ਹੀ ਸਮਝਦਾ ਸਾਂ। ਪਰ ਤੁਸੀਂ ਸਚ ਕਰ ਵਖਾਇਆ।

ਜਸੋਧਾਂ – ਮੈਂ ਕਿਹਾ ਜੀ, ਇਨਾਂ ਨੂੰ ਵੀ ਜਲਸੇ ਵਿੱਚ ਬੋਲਣ ਲਈ ਕੋਈ ਵਕਤ ਦਿਓ।

ਮਨ – ਹਾਂ ਸੱਚ, ਬੈਠਯਾਰ। ਕਲ੍ਹ ਰਾਤ ਨੂੰ ਸਾਡਾ ਹਫ਼ਤੇਵਾਰ ਜਲਸਾ ਏ। ਪਿਛਲੇ ਦੋ ਸਾਤਿਆਂ ਤੋਂ ਅਸੀਂ 'ਮਿਲਵਰਤਣ' ਦੇ ਗੁਣ ਦਸ ਰਹੇ ਆਂ। ਤੁਸੀਂ ਜ਼ਰੂਰ ਕੁਝ ਬੋਲੋ ਰਾਤ ਨੂੰ। ਨਵੇਂ ਨਵੇਂ ਖ਼ਿਆਲ ਨੇ, ਅੰਗਾ ਅਸਰ ਪਵੇਗਾ।

ਸ਼ਾਹ – ਅੱਛਾ, ਹੋਰ ਕੀ ਪ੍ਰੋਗਰਾਮ ਏ ?

ਮਨ– ਡਰਾਮੈਟਿਕ ਕਲੱਬ ਵਲੋਂ ਇਕ ਡਰਾਮਾ ਹੋਵੇਗਾ, ਤੇ ਮੈਜਿਕ ਲੈਂਟਰਨ ਨਾਲ ਉੱਨਤ ਦੇਸ਼ਾਂ ਦੇ ਪਿੰਡ ਵਖਾਵਾਂਗੇ ਕਿ ਉਹ ਕਿਸ ਤਰ੍ਹਾਂ ਸਾਂਝੇ ਸਟੋਰ, ਸਾਂਝੇ ਫ਼ਾਰਮ ਤੇ ਸਾਂਝੀਆਂ ਡੈਰੀਆਂ ਚਲਾ ਰਹੇ ਨੇ। ਇਸ ਤੋਂ ਬਿਨਾਂ ਪਿੰਡ ਦੀ ਪੰਚਾਇਤ ਦੀ ਚੋਣ ਹੋਵੇਗੀ।

ਜਸੋਧਾਂ – ਤਕਰੀਬਨ ਅੱਧਾ ਵਕਤ ਇਸਤ੍ਰੀ ਸਭਾ ਤੇ ਸਕੂਲ ਦੀਆਂ ਕੁੜੀਆਂ ਲਈ ਰੀਜ਼ਰਵ ਹੋਵੇਗਾ।

ਸ਼ਾਹ – (ਸੋਚਦਾ ਹੋਇਆ) ਯਾਰ ਮੈਂ ਕੀ ਬੋਲਾਂਗਾ?

ਮਨ – ਤੁਸੀਂ ਜ਼ਿਮੀਂਦਾਰਾਂ ਨੂੰ ਐਨਾ ਦ੍ਰਿੜ੍ਹ ਕਰਾ ਦਿਉ ਪਈ 'ਮਿਲਵਰਤਣ' ਉਹ ਜਾਦੂ ਏ, ਜੀਹਦੇ ਨਾਲ ਸਦੀਆਂ ਦੇ ਦਲਿੱਦਰ ਟੁਟ ਸਕਦੇ ਨੇ।ਬਸ ਕਾਫ਼ੀ ਏ।

ਸ਼ਾਹ – ਬਹੁਤ ਅੱਛਾ! ਮੈਂ ਚਲਦਾਂ ਹੁਣ।

ਹਰਕੌਰ ਅੰਦਰਲੇ ਦਰਵਾਜ਼ੇ ਥਾਣੀ ਆਉਂਦੀ ਹੈ।

ਹਰ– ਕਾਕਾ ਜੀ, ਕੌਣ ਸੀ ਏਹ ਮੁੰਡਾ?

ਮਨ – ਮਬਾਰਕ ਸ਼ਾਹ, ਚੌਧਰੀ ਰਮਜ਼ਾਨ ਦਾ ਪੁਤਰ।

ਹਰ– ਅੱਛਾ ! ਆ ਗਿਆ ਏ? ਮੁੰਡਾ ਤੇ ਬੜਾ ਹੋਨਹਾਰ ਏ।

ਮਨ – ਮਾਮੀ ਜੀ, ਐਨ ਵੇਲੇਸਿਰ ਬਹੁੜਿਆ ਏ ! ਸਾਨੂੰ ਅਜ ਕਲ੍ਹ ਏਹੋ ਜਹੇ ਬੰਦੇ ਦੀ ਸਖ਼ਤ ਲੋੜ ਸੀ।

ਹਰ – ਕਾਕਾ ਜੀ, ਸਦਾ ਨੀਤ ਨੂੰ ਮੁਰਾਦਾਂ ਹੁੰਦੀਆਂ ਨੇ। ਜੇਹੋ ਜਹੇ ਤੇਰੇ ਖ਼ਿਆਲ ਨੇ, ਵਾਹਿਗੁਰੂ ਆਪੇ ਦੋ ਢੁਕਾਈ ਜਾਂਦਾ ਏ।

ਹਰਕੌਰ ਤੇ ਜਸੋਧਾਂ ਅੰਦਰ ਜਾਂਦੀਆਂ ਹਨ।

ਮਨ – (ਬਾਹਰ ਵਲ ਵੇਖ ਕੇ) ਵਰਿਆਮ ਸਿੰਘਾ, ਲੰਘ ਆ ਅੰਦਰ।ਬਾਹਰ ਕਿਉਂ ਖੜਾ ਏਂ ?

ਵਰਿਆਮ – ਮੈਂ ਤੇ ਜੀ ਬੜੇ ਚਿਰਾਂ ਦਾ ਖੜਾ ਸਾਂ। ਮੈਂ ਕਿਹਾ ਗੱਲਾਂ ਕਰਦਿਆਂ ਵਿੱਚ ਜਾਣਾ ਠੀਕ ਨਹੀਂ, ਸ਼ੈਦ ਪਰਾਈਵੇਟ ਗੱਲਾਂ ਹੋਣ।

ਮਨ – ਤੂੰ ਤੇ ਯਾਰ ਬੜਾ ਸਿਆਣਾ ਹੁਦਾ ਜਾਨੈਂ।

ਵਰਿਆਮ – ਬਾਊ ਸਾਹਿਬ, ਅਕਲ ਕੇਹੜੀ ਕਿਸੇ ਦੀ ਮਾਂ ਦੀ ਏ, ਏਦਾਂ ਈ ਦੇਖੀ–ਦੇਖੀ ਆ ਜਾਂਦੀ ਏ ਕਿ।

ਵਰਿਆਮ ਸਿੰਘ ਦੇ ਗਲ ਧੋਤੇ ਹੋਏ ਖੱਦਰ ਦੀ ਲੰਮੀ ਸਾਰੀ ਕਮੀਜ਼, ਸਿਰ ਅਨੰਦਪੁਰੀ ਪਗੜੀ, ਪੈਰੀਂ ਜੁੱਤੀ ਤੇ ਹੱਥ ਵਿੱਚ ਨੋਟ ਬੁਕ ਹੈ।

ਮਨ – ਪਿਛਲੇ ਐਤਵਾਰ ਤੇਰਾ “ਲਸ਼ਕਰ” ਸੁਣ ਕੇ ਮੈਂ ਬੜਾ ਖ਼ੁਸ਼ ਹੋਇਆ।

ਵਰਿਆਮ – ਮਸ਼ਕੂਲਾ ਕਰਦੇ ਓ ਬਾਬੂ ਜੀ?

ਮਨ – ਬਿਲਕੁਲ ਨਹੀਂ, ਸੱਚ ਕਹਿ ਰਿਹਾਂ। ਐਵੇਂ ਤੈਨੂੰ ਇਨਾਮ ਦੇ ਦਿਤਾ ਸੀ ? ਮੈਂ ਉਨ੍ਹਾਂ ਰੁਪਈਆਂ ਦੀ ਮੂਰਤ ਵੀ ਲੈ ਆਂਦੀ ਏ ਅੰਮ੍ਰਿਤਸਰੋਂ।

ਵਰਿਆਮ – ਬੜੀ ਖ਼ੁਸ਼ੀ ’ਚ) ਕਲ੍ਹ ਰਾਤ ਨੂੰ ਦੇਖਿਓ ਤੁਸੀਂ ਮੇਰੇ ਹੱਥ। ਐਤਕਾਂ ਬੜੀ ਤਿਆਰੀ ਕੀਤੀ ਹੋਈ ਜੇ। ਜਿੱਦਾਂ ਕਹਿੰਦੇ ਹੁੰਦੇ ਨੇ, ਹੱਥ ਕਾਰ ਵਲ ਤੇ ਦਿਲ ਯਾਰ ਵਲ, ਓਹੋ ਹਿਸਾਬ ਰਿਹਾ ਸਾਰਾ ਸਾਤਾ। ਸੁਹਾਗੇ ਤੇ ਖੜੇ ਨੂੰ ਵੀ ਮਿਲਵਰਤਣ ਦੇ ਖ਼ਿਆਲ ਆਉਂਦੇ ਰਹੇ। ਪਰਸੋਂ ਮੇਰਾ ਵੱਡਾ ਭਰਾ ਆਖੇ ‘ਏਹਨੂੰ ਕੁਝ ਲਗ ਤੇ ਨਹੀਂ ਗਿਆ।’ ਮੈਂ ਕਿਹਾ ਲੱਗ ਗਈ ਏ ਮੈਨੂੰ ਪਿੰਡ ਸੁਧਾਰ ਦੀ ਲਗਨ।

ਮਨ – ਏਸੇ ਲਗਨ ਨੇ, ਵਰਿਆਮ ਸਿੰਘ, ਤੈਨੂੰ ਹੌਲੀ ਹੋਲੀ ਪਿੰਡ ਦਾ ਲੀਡਰ ਬਣਾ ਦੇਣੈ।

ਵਰਿਆਮ –੍ ਬਾਊ ਜੀ, ਸਾਨੂੰ ਕੋਈ ਸ਼ੌਕ ਨਹੀਂ ਲੀਡਰੀ ਸ਼ੀਡਰੀ ਦਾ। ਅਸਾਂ ਤੇ ਸੇਵਾਦਾਰ ਬਣ ਕੇ ਮੁਲਕ ਦੀ ਸੇਵਾ ਕਰਨੀ ਏਂ। ਏਹ ਵੀ ਸਭ ਤੁਹਾਡੀ ਮਿਹਰਬਾਨੀ ਏ। ਤੁਸੀਂ ਪਿੰਡ ਵਿੱਚ ਨਾ ਆਉਂਦੇ ਤੇ ਨਾ ਪੜ੍ਹਾਉਂਦੇ, ਤਾਂ ਏਹੋ ਜਿਹੇ ਖ਼ਿਆਲ ਵੀ ਕਿੱਥੋਂ ਹੋਣੇ ਸਨ।

ਮਨ – ਆਹ ਕੀ ਲਈ ਫਿਰਦਾ ਏਂ ?

ਵਰਿਆਮ – ਜੀ ਏਹ ਨੋਟਬੁਕ ਜੇ। ਜਦੋਂ ਕੋਈ ਗੱਲ ਚੇਤੇ ਆ ਜਾਵੇ, ਉਸ ਵੇਲੇਲਿਖ ਲੈਂਦਾਂ। ਕਈ ਵਾਰ ਕੋਈ ਦੋਹੜਾ ਹੀ ਫੁਰ ਪੈਂਦਾ ਏ।

ਮਨ– (ਮੁਸਕ੍ਰਾ ਕੇ) ਹੋਰ ਤਾਂ ਯਾਰ, ਤੂੰ ਸਾਰੀ ਗੱਲੀਂ ਪੂਰਾ ਹੋ ਗਿਆ ਏਂ, ਬਸ, ਹੁਣ ਇਕੋ ਘਾਟਾ ਏ ... ਵਿਆਹ ਦਾ। ਮੈਨੂੰ ਬੜਾ ਡਰ ਰਹਿੰਦੈ, ਪਈ ਫੇਰ ਨਾ ਕਿਤੇ ਭਾਬੀ ਤੇਜੋ ਨਾਲ ਲੜ ਕੇ ਉਦਾਸ ਹੋ ਤੁਰੇਂ।

ਵਰਿਆਮ – ਜੀ ਉਹ ਬੜੀ ਕੌੜੀ ਤੀਵੀਂ ਏ। ਹਰ ਵੇਲੇ ਵਡੂੰ ਖਾਊਂ ਕਰਦੀ ਰਹਿੰਦੀ ਏ।

ਮਨ– ਤਾਹੀਓਂ ਤੇ ਵਰਿਆਮ ਸਿੰਘਾ, ਮੈਂ ਕਹਿਨਾ ਘਰ ... ਘਰ–ਵਾਲੀ ਨਾਲ।

ਵਰਿਆਮ – ਜੀ, ਏਹ ਗੱਲ ਤੇ ਤੁਹਾਡੀ ਸੋਲਾਂ ਆਨੇ ਠੀਕ ਜੇ। ਆਖਦੇ ਨਹੀਂ ਹੁੰਦੇ 'ਆਗਿਆ–ਕਾਰੀ ਪੁਤਰ ਹੋਇ, ਘਰ ਮਿਠ–ਬੋਲੀ ਨਾਰ। ਧਨ ਪੱਲੇ ਸੰਤੋਖ ਮਨ, ਚਾਰ ਸੁਰਗ ਸੰਸਾਰ'। ਬੰਦਾ ਭਾਵੇਂ ਭਾਦਰੋਂ ਦੀ ਤਿੱਖੀ ਧੁੱਪ ਵਿੱਚ ਛੰਭ ਦਾ ਜੋਤਰਾ ਲਾ ਸੜ ਬਲ ਕੇ ਆਇਆ ਹੋਵੇ, ਪਰ ਜਾਂਦਿਆਂ ਨੂੰ ਘਰ–ਵਾਲੀ ਜੇ ਅੱਗੋਂ ਹੱਸ ਕੇ ਮਿਲ ਪਏ ਨਾ, ਸਾਰਾ ਥਕੇਵਾਂ ਲੱਥ ਜਾਂਦਾ ਏ। ਪਰ ਬਾਬੂ ਸਾਹਿਬ, ਜਿੱਥੇ ਫੁਲ ਏ ਉੱਥੇ ਕੰਡੇ ਵੀ ਨੇ। ਘਰ–ਵਾਲੀ ਵੀ ਜੇ ਮਤਲਬ ਦੀ ਜੁੜੇ, ਤਾਹੀਓਂ ਦਿਲ ਖ਼ੁਸ਼ ਹੁੰਦਾ। ਪਿੰਡਾਂ ਵਿੱਚ ਵੇਖੀਦਾਏ, ਬੁਰੇ ਹਾਲ ਜੇ। ਜੋੜੀਆਂ ਜਗ ਥੋੜ੍ਹੀਆਂ ਨਰੜ ਬਥੇਰੇ।

ਮਨ– ਗਿਆਨੀ ਵਰਿਆਮ ਸਿੰਘ ਜੀ, ਤੁਹਾਨੂੰ ਲੋਕਾਂ ਨਾਲ ਕੀ। ਤੁਸੀਂਕੋਈ ਨਿਆਣੇ ਥੋੜੇ ਓ। ਆਪਣਾ ਸਥੀ ਅਪ ਚੁਣ ਲਓ।

ਵਰਿਆਮ – ਬਾਬੂ ਜੀ, ਸੱਜਣ ਟੋਲੇ ਨਹੀਂ ਲੱਭਦੇ, ਸੰਜੋਗ ਧੁਰੋਂ ਲਿਖੇ ਆਉਂਦੇ ਨੇ।

ਮਨ – ਏਹ ਤੇ ਗਿਆਨੀ ਜੀ, ਮੈਂ ਵੀ ਮੰਨਦਾਂ, ਪਰ ਧੁਰੋਂ ਲਿਖੇ ਸਾਥੀ ਨੂੰ ਲੱਭਣ ਲਈ ਬੜੇ ਤਜਰਬੇ ਦੀ ਲੋੜ ਏ। ਗੁਰ ਮੈਂ ਤੈਨੂੰ ਦਸ ਦਿੰਦਾਂ, ਲੱਭ ਤੂੰ ਆਪ ਲਈਂ।

ਵਰਿਆਮ – ਦੱਸੋ, ਦੱਸੋ ?

ਮਨ – ਜੇਹੜੀ ਜ਼ਨਾਨੀ ਤੇਰੇ ਸੁੱਚੇ ਦਿਲ ਵਿੱਚ ਚੰਗੀ ਤਰ੍ਹਾਂ ਘਰ ਕਰ ਜਾਏ ਤੇ ਤੂੰ ਉਸ ਤੋਂ ਬਿਨਾਂ ਆਪਣਾ ਜੀਵਨ ਅਧੂਰਾ ਖ਼ਿਆਲ ਕਰੇਂ, ਬਸ ਸਮਝ ਛਡ, ਓਹੋ ਤੇਰਾ ਧਰ ਦਾ ਸਾਥੀ ਏ।

ਮਨ ਮੋਹਨ ਦੇ ਗੱਲਾਂ ਕਰਦਿਆਂ ਵਰਿਆਮ ਦਾ ਚਿਹਰਾ ਲਾਲ ਸੂਹਾ ਹੋ ਜਾਂਦਾ ਹੈ।

ਵਰਿਆਮ – (ਲੰਮਾ ਸਾਹ ਲੈ ਕੇ) ਕਿੱਥੋਂ ਬਾਬੂ ਜੀ !

ਮਨ – ਵਰਿਆਮ ਸਿੰਘ, ਇਸ਼ਕ ਮੁਸ਼ਕ ਲੁਕਿਆ ਨਹੀਂ ਰਹਿੰਦਾ। ਚਿਹਰਾ ਦਿਲ ਦਾ ਗਵਾਹ ਹੁੰਦਾ ਏ।ਤੂੰ ਮੈਥੋਂ ਗੱਲਾਂ ਨਾ ਛੁਪਾ। ਮੈਂ ਸਭ ਜਾਣਦਾਂ, ਐਵੇਂ ਨਹੀਂ ਦਸ ਪੰਦਰਾਂ ਸਾਲ ਸਕੂਲ ਕਾਲਜਾਂ ਵਿੱਚ ਗਾਲੇ। ਚਿਹਰੇ ਤੋਂ ਅਗਲੇ ਦੇ ਦਿਲ ਦੀ ਬੁਝ ਲਈਦੀ ਏ।

ਵਰਿਆਮ– (ਕਸੂਰਵਾਰ ਵਾਂਗ ਛਿਪ ਕੇ) ਬਾਬੂ ਜੀ, ਤੁਸੀਂ ਵੀ ਲੋਕਾਂ ਦੀਆਂ ਗੱਲਾਂ ਸੁਣ ਲਈਆਂ ਨੇ। ਪਿੰਡ ਦੇ ਲੋਕੀਂ ਬੜੇ ਭੈੜੇ ਨੇ ਇਸ ਗੱਲੋਂ। ਜੇ ਕੋਈ ਸਰਸਰੀ ਵੀ ਤੀਵੀਂ ਨਾਲ ਗੱਲ ਕਰ ਬੈਠੇ, ਐਵੇਂ ਭਰਮ ਕਰਨ ਲਗ ਜਾਂਦੇ ਨੇ। ਤੀਵੀਆਂ ਵਲ ਵੇਖਣ ਵੇਖਣ ਦਾ ਵੀ ਫ਼ਰਕ ਹੁੰਦਾ ਏ। ਕੋਈ ਕਿਸੇ ਅੱਖ ਨਾਲ ਵੇਖਦਾ, ਕੋਈ ਕਿਸੇ ਨਾਲ। ਅਸੀਂ ਆਪਣੀਆਂ ਮਾਵਾਂ ਭੈਣਾਂ ਨੂੰ ਵੀ ਵੇਖਦੇ ਆਂ। ਵਾਹਿਗੁਰੂ ਜਾਣਦਾ, ਮੇਰਾ ਦਿਲ ਬੜਾ ਸਾਫ਼ ਏ। ਮੈਂ ਤੁਹਾਨੂੰ ਸਹੀ ਗੱਲ ਦਸਨਾਂ। ਜਦੋਂ ਤਾਰੋ ਦੇ ਘਰ ਵਾਲਾ ਮਰ ਗਿਆ ਸੀ, ਵਿਚਾਰੀ ਤੇ ਬੜੀ ਗਰੀਬੀ ਪੈ ਗਈ ਸੀ। ਦਿਓਰ ਜੇਠ ਉਹਨੂੰ ਆਪਣੇ ਆਪਣੇ ਘਰੀਂ ਵਾੜਨਾ ਚਾਹੁੰਦੇ ਸਨ, ਪਰ ਉਹਨੇ ਕਿਸੇ

ਦੀ ਨਾ ਮੰਨੀ, ਇਸ ਕਰ ਕੇ ਉਹ ਸਾਰੇ ਖ਼ਿਲਾਫ ਹੋ ਗਏ ਤੇ ਲਗੇ ਤੰਗ ਕਰਨ। ਮੈਨੂੰ ਮਸੂਮ ਤੇ ਬੜਾ ਤਰਸ ਆਇਆ ਕਰੇ।

ਮਨ – ਤਰਸ ਤੇ ਤਾਂ ਸਿੱਧਾ ਪਿਆਰ ਪੈਦਾ ਹੁੰਦਾ ਏ।

ਵਰਿਆਮ – ਉਂਜ ਤੇ ਮੇਰੀ ਕੋਈ ਪੇਸ਼ ਨਾ ਜਾਇਆ ਕਰੇ। ਮੈਂ ਚੋਰੀਂ ਛੱਪੀ ਭਰੀ ਪੂਲਾ, ਗੰਨਾ ਪੋਰੀ ਤੇ ਛੱਲੀਆਂ ਵਗੈਰਾ ਦਿੰਦਾ ਰਹਿੰਦਾ ਸਾਂ। ਬੱਸ ਐਨੀ ਗੱਲ ਤੋਂ ਲੋਕਾਂ ਨੇ ਕੁਝ ਦੀਆਂ ਕੁਝ ਗੱਲਾਂ ਬਣਾ ਲਈਆਂ। (ਰੋਣ ਹਾਕਾ ਹੋ ਕੇ) ਬਾਬੂ ਜੀ, ਤੁਸੀਂ ਤੇ ਪੜ੍ਹੇ ਲਿਖੇ ਓ, ਤੁਸੀਂ ਵੀ ਮੇਰੇ ਤੇ ਸ਼ੱਕ ਕਰਨ ਲੱਗ ਪਏ।

ਮਨ – ਤੂੰ ਤੇ ਯਾਰ ਕਮਲਾ ਏਂ। ਅਗਲੇ ਦੀ ਗੱਲ ਈ ਨਹੀਂ ਸੁਣਦਾ, ਆਪਣੀਆਂ ਮਾਰੀ ਜਾਨਾਂ ਏ। ਮੈਂ ਕੋਈ ਸ਼ੱਕ ਵਾਲੀ ਗੱਲ ਕੀਤੀ ਏ? ਲੋਕਾਂ ਨੂੰ ਕਹਿੰਦੇ ਕੀ ਕਰਨਾ। ਤਾਰੋ ਨੂੰ, ਨਾਲੇ ਤੈਨੂੰ ਮੈਂ ਜਾਣਦਾ ਨਹੀਂ ਹੋਣਾ। ਤਾਰੋ ਦੀ ਤੇ ਸਗੋਂ ਆਪ ਮੈਂ ਬੜੀ ਇੱਜ਼ਤ ਕਰਦਾਂ। ਉਹਦੇ ਸੁਭਾ ਦੀਆਂ ਇਸਤ੍ਰੀਆਂ ਪਿੰਡਾਂ ਵਿੱਚ ਬਹੁਤ ਘਟ ਮਿਲਦੀਆਂ ਨੇ। ਵਰਿਆਮ ਸਿੰਘ, ਮੇਰੇ ਕਹਿਣ ਦਾ ਮਤਲਬ ਤਾਂ ਏਹ ਸੀ, ਪਈ ਜੇ ਤੂੰ ਉਸ ਤੇ ਚਾਦਰ ਪਾ ਲਏਂ ਤਾਂ ਕੀ ਹਰਜ ਏ ?

ਵਰਿਆਮ – ਬਾਬੂ ਜੀ, ਉਹ ਬੜੀ ਸੁਘੜ ਤੇ ਸੁਚੱਜੀ ਤੀਵੀਂ ਏ, ਮੇਰੇ ਵਰਗੇ ਉਜੱਡ ਨੂੰ ਕੀ ਸਮਝਦੀ ਏ।

ਮਨ – ਏਹ ਤੈਨੂੰ ਵਿਹਲਾ ਭਰਮ ਏ। ਉਹ ਤੈਨੂੰ ਬੜਾ ਸਿਆਣਾ ਤੇ ਦਾਨਾ ਖ਼ਿਆਲ ਕਰਦੀ ਏ।

ਵਰਿਆਮ– ਏਹ ਤੁਹਾਨੂੰ ਕਿੱਦਾਂ ਪਤਾ?

ਮਨ – ਪਤਾ ਲਗਣੋਂ ਰਹਿੰਦਾ ਭਲਾ। ਜੇਹੋ ਜੇਹੇ ਤੇਰੇ ਉਹਦੀ ਬਾਬਤ ਖ਼ਿਆਲ ਨੇ, ਉਹਦੇ ਤੇਰੀ ਬਾਬਤ ਨੇ।

ਵਰਿਆਮ– (ਖ਼ੁਸ਼ੀ ਵਿੱਚ ਨਿਚੱਲਾ ਜਿਹਾ ਹੋ ਕੇ) ਬਾਬੂ ਜੀ, ਮੈਂ ਚਲਦਾਂ, ਤੁਹਾਡਾ ਬੜਾ ਵਕਤ ਹਰਜ ਕੀਤਾ।

ਮਨ – ਖਲੋ ਯਾਰ, ਐਨਾ ਕਾਹਲਾ ਕਿਉਂ ਪੈ ਗਿਆ ਏਂ? (ਇਕ ਕਾਗਜ਼ ਤੇ ਅੰਗ੍ਰੇਜ਼ੀ ਦੀਆਂ ਦੋ ਚਾਰ ਸਤਰਾਂ ਲਿਖ ਕੇ) ਆਹ ਚਿਟ ਵੱਡੀ ਮਾਸਟਰਾਣੀ ਨੂੰ ਦਿੰਦਾ ਜਾਈਂ। ਕਰਤਾਰੋ ਦੇ ਘਰ ਹੋਣੀ ਏਂ। ਮੂਰਤ ਲੈ ਜਾਹ। ਭੁਲ ਗਿਆ ਏਂ?

ਵਰਿਆਮ – (ਮੁੜ ਕੇ) ਸਚ ਮੁਚ ਲੈ ਆਂਦੀ ਏ? ਮੈਂ ਕਿਹਾ ਐਵੇਂ ਮਖ਼ੌਲ ਕਰਦੇ ਓ।

ਮਨ – ਭਈ ਤੂੰ ਆਪੇ ਆਖਿਆ ਸੀ ਪਈ ਨਕਦ ਪੈਸੇ ਨਹੀਂ ਲੈਣੇ। ਇਨ੍ਹਾਂ ਦੀ ਕੋਈ ਸੋਹਣੀ ਜਿਹੀ ਮੂਰਤ ਲਿਆ ਦਿਓ।

ਵਰਿਆਮ – (ਮੂਰਤ ਨੂੰ ਹੱਥਾਂ ਵਿੱਚ ਫੜ ਕੇ ਤੇ ਖ਼ੁਸ਼ ਹੋ ਕੇ) ਤੁਸੀਂ ਤੇ ਸੱਚੀ ਮੁਚੀ ਕੋਈ ਅਵਤਾਰ ਓ, ਦਿਲਾਂ ਦੀਆਂ ਬੁਝਣ ਵਾਲੇ।

ਮਨ – ਤੂੰ ਆਪ ਨਾ ਦੱਸੇਂ ਤਾਂ ਅਸੀਂ ਵੀ ਤੇਰੇ ਦਿਲ ਦੀ ਨਾ ਬੁਝੀਏ ? ਉਰੇ ਕਰ ਮੈਂ ਦੱਸਾਂ। ਆਹ ਦੋ ਜੰਗਲੀ ਕਬੂਤਰ ਨੇ। ਦੇਖ, ਕਿਵੇਂ ਝੁਕੀ ਹੋਈ ਡਾਲੀ ਉਤੇ ਸਿਰ ਜੋੜੀ ਬੈਠੇ ਨੇ।

ਵਰਿਆਮ – ਕਿੰਨੇ ਭੋਲੇ ਤੇ ਪਿਆਰੇ ਲਗਦੇ ਨੇ !

ਮਨ – ਪਿਛਲੇ ਪਾਸੇ ਰਾਤ ਪੈਣ ਲੱਗੀ ਏ, ਸੂਰਜ ਛੁਪ ਰਿਹਾ ਏ, ਆਖ਼ਰੀ ਕਿਰਨ ਉਨ੍ਹਾਂ ਉਤੇ ਪੈ ਰਹੀ ਏ।

ਵਰਿਆਮ – ਵਾਹ ਜੀ ਵਾਹ, ਮੂਰਤਾਂ ਖਿੱਚਣ ਵਾਲੇ ਵੀ ਹਦ ਮੁਕਾ ਛਡਦੇ ਨੇ! ਮੂੰਹੋ ਪਈ ਬੋਲਦੀ ਏ। ਬਾਬੂ ਜੀ, ਏਹ ਕਿਸ ਖਿੱਚੀ ਹੋਊ?

ਮਨ– ਹੈ ਇਕ ਅੰਮਿਤਸਰ ਦਾ ਬੜਾ ਹੋਣਹਾਰ ਚਿਤ੍ਰਕਾਰ। ਤੈਨੂੰ ਹੋਰ ਵੀ ਬੜੀਆਂ ਵਧੀਆਂ ਤਸਵੀਰਾਂ ਵਖਾਵਾਂਗੇ ਉਸ ਚਿਤ੍ਰਕਾਰ ਦੀਆਂ, ਪਰ ਵਰਿਆਮ ਸਿੰਘਾ, ਸਾਡੇ ਮੁਲਕ ਵਿੱਚ ਅਜੇ ਆਰਟ ਦੀ ਕਦਰ ਨਹੀਂ ਹੋਈ।

ਵਰਿਆਮ – ਜਟ ਦੀ ਜਾਣਨ ਲੌਂਗਾਂ ਦਾ ਭਾਅ, ਹੋ ਜਾਵੇਗੀ ਆਪੇ, ਜਿਉਂ ਜਿਉਂ ਲੋਕਾਂ ਨੂੰ ਅਕਲ ਆਵੇਗੀ। ਹੱਛਾ, ਬਾਊ ਜੀ, ਮੈਂ ਚਲਦਾਂ।

ਜਸੋਧਾਂ ਹਸਦੀ ਹਸਦੀ ਅੰਦਰ ਆਉਂਦੀ ਹੈ।

ਜਸੋਧਾਂ – ਲਗੇ ਓ ਵਰਿਆਮ ਸਿੰਘ ਨੂੰ ਫਸਾਉਣ?

ਮਨ – ਤੁਸੀਂ ਓਧਰ ਕੁੰਡੀ ਲਾਈ ਹੋਈ ਜੇ ਕਿ ਨਹੀਂ ?

ਜਸੋਧਾਂ – ਆਪਣ ਵਲੋਂ ਤੇ ਬੜੀ ਕੋਸ਼ਸ਼ ਕੀਤੀ ਹੋਈ ਏ।

ਮਨ – ਜਸੋਧਾਂ, ਜੋੜੀ ਬੜੀ ਆਦਰਸ਼ਕ ਬਣੇਗੀ। ਦੋਵੇਂ ਸੇਵਾ, ਸਚਾਈ ਤੇ ਸਿੰਨਸੈਰੇਟੀ ਦੇ ਪੁੰਜ ਨੇ। ਕਿਸੇ ਦਿਨ ਦੋਹਾਂ ਰਲ ਕੇ ਸਾਡਾ ਸਾਰਾ ਕੰਮ ਸਿਰ ਤੇ ਚੁਕ ਲੈਣਾ ਏ।

ਜਸੋਧਾਂ – ਤੁਸੀਂ ਚਾਹੁੰਦੇ ਵੀਏਹੋ ਕੁਝ ਸੀ, ਪਈ ਪਿੰਡ ਵਿੱਚਾਂ ਕੋਈ ਉਠੇ, ਜਿਹੜਾ ਇਸ ਕੰਮ ਨੂੰ ਜਾਰੀ ਰਖੇ।

ਮਨ – ਜਦੋਂ ਤਕ ਸਥਾਨਕ ਲੀਡਰ ਪੈਦਾ ਨਹੀਂ ਹੁੰਦੇ, ਪਿੰਡ ਸੁਧਾਰ ਹੋ ਹੀ ਨਹੀਂ ਸਕਦਾ। ਅਸੀਂ ਇਥੇ ਕਿੰਨਾ ਕੁ ਚਿਰ ਬੈਠੇ ਰਹਿ ਸਕਦੇ ਆਂ।

ਹਰ – (ਦਰਵਾਜ਼ੇ ਵਿੱਚਾਂ) ਕਾਕਾ ਜੀ, ਧੰਨ ਏਂ ਤੂੰ! ਹਰ ਵੇਲੇ ਲੱਗਾ ਰਹਿੰਨਾ ਏਂ। ਖਬਰੇ ਕਾਹਦਾ ਬਣਿਆ ਏਂ, ਨਾ ਥਕਦਾ ਨ ਅੱਕਦਾ।

ਮਨ – ਮਾਮੀ ਜੀ, ਜਿਸ ਕਮ ਵਿੱਚ ਲਗਨ ਹੋਵੇ, ਉਥੇ ਕਦੇ ਥਕੇਵਾਂ ਨਹੀਂ ਹੁੰਦਾ, ਸਗੋਂ ਕੰਮ ਕਰਨ ਨਾਲ ਨਸ਼ਾ ਚੜ੍ਹਦਾ ਏ।

ਹਰ – ਕੋਈ ਘੜੀ ਆਰਾਮ ਵੀ ਕਰ ਲਿਆ ਕਰ।

ਮਨ– ਅਰਾਮ! .... ਆਰਾਮ ਮਾਮੀ ਜੀ, ਦੁਨੀਆਂ ਵਿੱਚ ਸਭ ਤੋਂ ਭੈੜੀ ਚੀਜ਼ ਏ ਕੰਮ ਦਿਆਂ ਬੰਦਿਆਂ ਲਈ। ਜੇ ਮੈਂ ਆਰਾਮ ਕਰਨਾਂ ਹੁੰਦਾ ਤਾਂ ਭਾਈਏ ਦੇ ਆਖੇ ਲਗ ਕੋਈ ਅਫਸਰ ਬਣਨ ਦਾ ਕਸ਼ਸ਼ ਕਰਦਾ।

ਹਰ– ਬੱਚਿਓ, ਜਦੋਂ ਤੁਸੀਂ ਕੱਠੇ ਬੈਠੇ ਹੁੰਦੇ ਓ, ਮੈਨੂੰ ਬੜੇ ਚੰਗੇ ਲਗਦੇ ਓ ... ਮੈਂ ਕਹਿਨੀਆਂ ਰੱਬ ਕਿਤੇ ...

ਜਸੋਧਾਂ – (ਬੜੀ ਕਾਹਲੀ ਨਾਲ) ਲਓ, ਮਾਮਾ ਜੀ ਆ ਗਏ।

ਹਰ – ਉ ਆ! ਆ ... ਕੀ ਲੈ ਆਏ ਓ!

ਮਨ – ਇਸੇ ਦੀਆਂ ਕਲ੍ਹ ਗੱਲਾਂ ਕਰਦੇਸੀ। ਏਹ ਕੂੜਾ ਸੁਟਣ ਵਾਲੀ ਹੱਥ-ਰੇੜ੍ਹੀ ਏ।

ਜਸੋਧਾਂ – ਮਾਮੋਜੀ, ਸਿਰਫ ਹਿੰਦੁਸਤਾਨ ਵਿੱਚ ਹੀ ਤੀਵੀਆਂ ਸਿਰ ਤੇ ਗੰਦ-ਮੰਦ ਚੁਕਦੀਆਂ ਨੇ। ਅਸੀਂ ਏਹ ਰਵਾਜ ਬੰਦ ਕਰਨਾ ਚਾਹੁਦੇ ਆਂ।

ਸੂਬੇਦਾਰ – ਤਾਹੀਓਂ ਤਾਂ ਰੂੜੀਆਂ ਮਾਫ਼ਕ ਸਾਡੀਆਂ ਜਨਾਨੀਆਂ ਦੇ ਦਮਾਗ ਹੁੰਦੇ ਨੇ।

ਹਰ– ਤੇ ਹੋਰ ਜਹਾਨ ਪੈਰਾਂ ਨਾਲ ਚੁਕਦ ਏ?

ਸੂਬੇਦਾਰ – ਤੂੰ ਗੁਆਰ ਕਿਆ ਸਮਝੇਂ ਇਸ ਬਾਤ ਨੂੰ?

ਹਰ – ਹਾਇਆ! ਤੇ ਏਹਨੂੰ ਖਿੱਚੂ ਕੇਹੜੀ ?

ਜਸੋਧਾਂ – ਪਹਿਲੋਂ ਅਸੀਂ ਖਿੱਚਾਂਗੀਆਂ ਮਾਮੀ ਜੀ, ਅਸੀਂ।

ਹਰ – ਆਓ ਹੁਣ ਰੋਟੀ ਖਾਓ,ਕੇਹੜਾ ਵੇਲਾ ਹੋ ਗਿਆ ਉਤੋਂ! ਫੇਰ ਦਖਾਇਓ ਲੋਕਾਂ ਨੂੰ ਏਹ ਤਮਾਸ਼ੇ।

# ਦੂਜੀ ਝਾਕੀ

ਤਾਰੋ ਦੇ ਘਰ ਦੀ ਡਿਉਢੀ ਭਾਵੇਂ ਕੱਚੀ ਏ, ਪਰ ਚਿੱਟੀ ਤੇ ਮੁਲਤਾਨੀ ਮਿੱਟੀ ਨਾਲ ਲਿੰਬ-ਪੋਚ ਕੇ ਐਨ ਸ਼ੀਸ਼ੇ ਵਾਂਗ ਲਿਸ਼ਕਾਈ ਹੋਈ ਹੈ। ਖੁੱਲ੍ਹਾ ਵਿਹੜਾ ਕਤੀਰਾਂ, ਸਤਬਰਗ, ਗੁਲਾ-ਬਾਂਸ, ਨਿਆਜ਼ਬੋ, ਪੂਦਨਾ ਸੂਰਜ-ਮੁਖੀ ਤੇ ਗੁਲਾਬ ਆਦਿ ਨਾਲ ਭਰਿਆ ਹੋਇਆ ਹੈ। ਇਸ਼ਕ-ਪੇਚੇ ਦੀ ਸੁੱਕੀ ਵੇਲ ਨਵੇਂ ਸਿਰਿਓਂ ਹਰੀ ਹੋ ਰਹੀ ਹੈ।

ਇਕ ਸੋਹਣੀ ਪਰਛੱਤੀ ਉੱਤੇ ਕੁਝ ਰਿਸਾਲੇ ਤੇ ਬਹੁਤ ਸਾਰੀਆਂ ਕਿਤਾਬਾਂ — ਸਾਵੇ ਪੱਤਰ, ਸੁਭੱਦਰਾ, ਗਿੱਧਾ, ਪ੍ਰਤੀਕਹਾਣੀਆਂ, ਗੁਲਾਬਾ, ਸਾਡੇ ਰਸਮੋ-ਰਿਵਾਜ, ਰਸੋਈ ਸਿੱਖਿਆ, ਕਸੁੰਭੜਾ, ਚਿੱਟਾ ਲਹੂ, ਦੁਖੀਏ, ਲਕਸ਼ਮੀ ਦੇਵੀ, ਰੁਮਾਂਟਿਕ ਪੰਜਾਬੀ ਕਵੀ, ਰਾਜਾ ਪੋਰਸ ਆਦਿ ਆਦਿ ਪਈਆਂ ਹਨ।

ਡਿਉਢੀ ਵਿੱਚ ਤਿੰਨ ਚਾਰ ਮੁਟਿਆਰਾਂ ਬੈਠੀਆਂ ਹਨ। ਤਾਰੋ ਮਸ਼ੀਨ ਨਾਲ ਕਪੜੇ ਸੀਉਂਦੀ ਹੈ, ਉਸ ਦੇ ਕੋਲ 'ਨਵੀਂ ਦੁਨੀਆਂ' ਜੂਨ 1939 ਦਾ ਪਰਚਾ ਪਿਆ ਹੈ। ਜੱਸੋ (ਬੰਤੇ ਦੀ ਵਹੁਟੀ) ਚਰਚਾ ਕਰ ਰਹੀ ਹੈ, ਚੰਨੋ ਕਾਹੀ ਤੇ ਰੰਗੇ ਹੋਏ ਸਨੁਕੜੇ ਨਾਲ ਇਕ ਚੰਗੇਰ ਬਣਾਉਂਦੀ ਹੈ ਅਤੇ ਨਿਆਮਤੇ ਮੇਜ਼ਪੋਸ਼ ਕੱਢਦੀ ਹੈ। ਬਾਕੀ ਤਿੰਨੇ ਆਪਣ ਆਪਣ ਕੰਮਾਂ ਵਿੱਚ ਨੀਝ ਲਾਈ ਬੈਠੀਆਂ ਹਨ, ਪਰ ਜੱਸੋ ਆਪਣੇ ਆਪ ਹੌਲੀ ਹੌਲੀ ਗਾਉਂਦੀ ਹੈ :-

ਨਾ ਛੇੜ ਮਾਹੀ ਵੇ,

ਮੇਰੀ ਪੀੜ ਪੁਰਾਣੀ।

ਤਾਰੋ – ਕੁੜੇ ਖੁਲ੍ਹ ਕੇ ਗਾਉਂ, ਕੋਈ ਹੋਰ ਵੀ ਟੱਪਾ ਸੁਣ ਲਏ।

ਜੱਸੋ – ਭੈਣੇ, ਤੁਹਾਨੂੰ ਹੁਣ ਕਿੱਥੇ ਚੰਗੇ ਲਗਦੇ ਨੇ ਸਾਡੇ ਗੀਤ। ਤੁਸੀਂ ਸਿਖ ਗਈਆਂ ਓ ਨਵੀਆਂ ਨਵੀਆਂ ਗੱਲਾਂ।

ਤਾਰੋ – ਅਣੀਏ, ਚੰਗੇ ਗੀਤ ਨਹੀਂ ਪੁਰਾਣੇ ਹੁੰਦੇ। 'ਗਿੱਧਾ' ਵੇਖ ਖਾਂ ਕੇਹੀ ਸੋਹਣੀ ਕਿਤਾਬ ਏ।

ਚੰਨੋ – ਚਾਚੀ ਉਹ ਪਿਆਲੇ ਵਾਲਾ ਗੀਤ ਸੁਣਾ ਦੇਹ।

ਨਿਆਮਤੇ – ਨੀ ਸਦਾ ਪਰ੍ਹਾਂ, ਕਹੇ ਤੇ ਘੁਮਿਆਰੀ ਖੋਤੇ ਤੇ ਨਹੀਂ ਚੜ੍ਹਦੀ।

ਜੱਸੋ– ਭੈਣੇ, ਗੀਤ ਖ਼ੁਸ਼ੀ ਦੇ ਹੁੰਦੇ ਨੇ। ਸਾਨੂੰ ਤੇ ਓਹੋ ਪੁਰਾਣੇ ਰੰਡੀ ਰੋਣੇ ਆਉਂਦੇ ਨੇ।

ਤਾਰੋ – ਨੀ ਉਹ ਸਗੋਂ ਚੰਗੇ ਲਗਦੇ ਨੇ ਕਿ। 'ਮਿੱਠੇ ਗੀਤ ਨੇ ਉਹ ਮੇਰੇ, ਦੁਖ ਮੇਰਾ ਜੋ ਦਸਦੇ।'

ਜੱਸੋ – ਦੱਸੋ ਫਿਰ ਕਿਹੜਾ ਸੁਣਾਵਾਂ।

ਚੰਨੋ – ਸਾਨੂੰ ਤੇ ਪਹਿਲੋਂ ਪਿਆਲੋ ਵਾਲਾ ਸੁਣਾ ਦੇਹ।

ਨਿਆਮਤੇ – ਚਲ ਨੀ, ਉਹੋ ਸੁਦਾ ਛੱਡ ਪਹਿਲੋਂ।

ਜੱਸੋ –

ਹਰੀਏ ਹਰੀਏ ਕਿਕਰੇ
ਤੇਰਾ ਸਕ ਨੀ ਲਾਹਵਾਂ।
ਨੀ ਅੜੀਏ ਉਹਦਾ ਦਾਰੂ ਬਣਾਵਾਂ।
ਹਾਏ ! ਪਰ ਦੇਹ ਨੀਖ ਪਿਆਲਾ,
ਹਾਏ ! ਭਰਜ ਦੇਹ ਨੀ ਪਿਆਲਾ।
ਪਿਆਲਾ ਤਾਂ ਪੀਤਾ ਤੇਰੀ ਕਿਆ ਵਡਿਆਈ ।
ਵੇ ਅੜਿਆ, ਤੇਰੇ ਮੁਖ ਪੁਰ ਜ਼ਰਦੀ ਛਾਈ।
ਹਾਏ ! ਭੰਨ ਸੁਟਾਂ ਵੇ ਪਿਆਲਾ।
.. . .. . . . .. .. ... .. .. . . .. . .. .. .
ਭੰਨ ਪਿਆਲਾ ਗੋਰੀਏ ਦੇਖ ਨੀ ਤਮਾਸ਼ਾ,
ਨੀ ਅੜੀਏ, ਕੀਹਦੀਆਂ ਖੱਟੀਆਂ ਹਾਏਂ।
ਹਾਏ ! ਭਰ ਦੇਹ ਨੀ ਪਿਆਲਾ।
.. . .. . . . .. .. ... .. .. . . .. . .. .. .
ਆਵੋ ਕਹਾਰੋ ਮੇਰਾ ਡੋਲਾ ਬੀੜੋ
ਵੇ ਅੜਿਆ, ਪੇਕੜੇ ਉਠ ਜਾਣਾ।
ਹਾਏ ! ਭੰਨ ਸੁਟਾਂ ਵੇ ਪਿਆਲਾ,
ਹਾਏ ! ਭੰਨ ਸੁਟਾਂ ਵੇ ਪਿਆਲਾ।

ਚੰਨੋ – ਏਹ ਤੇ ਐਉਂ ਜਾਪਦਾ ਜਿੱਦਾਂ ਚਾਚ ਨੇ ਆਪ ਜੋੜਿਆ ਹੁੰਦਾ।

ਤਾਰੋ – ਨੀ ਅਜੇ ਹਟਿਾ ਨਹੀਂ ਦਾਰੂ ਸ਼ਾਰੂ ਪੀਣੋ।

ਜੱਸੋ – ਬੀਬੀ, ਖੋਟੀਆਂ ਆਦਤਾਂ ਕਿੱਥੇ ਜਾਂਦੀਆਂ ਨੇ, 'ਵਾਦੜੀਆਂ ਸਜਾਦੜੀਆਂ ਨਿਭਣ ਸਿਰਾਂ ਦੇ ਨਾਲ।'

ਤਾਰੋ – ਫਾਹੇ ਜਾਣਾ ਮਸਾਂ ਮਸਾਂ ਕੈਦ ਹੋਣੋਂ ਬਚਿਆ। ਨਹੀਂ ਤੇ ਲਗ ਜਾਣਾ ਸੀ ਆਟੇ ਨਾਲ ਪਲੇਥਣ ਉਹਨੂੰ ਵੀ।

ਨਿਆਮਤੇ – ਹਾਇਆ ਨੀ, ਚੰਗਾ ਭਲਾ ਹੁੰਦਾ ਸੀ ਪਹਿਲੋਂ।

ਤਾਰੋ – ਅਣੀਪਏ, ਮਾੜੀ ਸੰਗਤ ਵਿਗਾੜ ਦਿੰਦੀ ਏ ਬੰਦੇ ਨੂੰ। ਓ ਭੈੜਾ ਚੌਧਰੀ ਲੈ ਲੱਥਾ ਨਾਲ ਹੀ। ਅਖੇ 'ਆਪ ਤਾਂ ਗਲਿਓਂ ਬਾਹਮਣਾ ਜਜਮਾਨਾ ਵੀ ਗਾਲੇ।'

ਜਸੋ – ਜਿੱਦਣ ਦਾ ਭਰਾਵਾਂ ਤੋਂ ਵੱਖਰਾ ਹੋਇਆ, ਉਸ ਰੱਬ ਦੇ ਬੰਦੇ ਨਹੀਂ ਕੰਮ ਨੂੰ ਹੱਥ ਲਾ ਕੇ ਵੇਖਿਆ। ਵਾਹੀ ਵੀ ਛਡ ਦਿੱਤੀ। ਚੌਧਰੀ ਨਾਲ ਰਲ ਕੇ ਪੁੱਠੇ ਚਾਲੇ ਫੜ ਲਏ।

ਨਿਆਮਤੇ – ਨੀ ਏਹਦੇ ਨਾਲੋਂ ਤਾਂਤੂੰ ਅੱਗੇ ਸੁਖੀ ਸੈਂ। ਠੀਕ ਏ, ਕੰਮ ਭਾਵੇਂ ਬਹੁਤਾ ਸੀ ਪਰ ਐਨੀ ਦੁਖੀ ਤਾਂ ਨਹੀਂ ਨਾ ਸੈਂ।

ਚੰਨੋ – ਚਾਚੇ ਨੂੰ ਕੁਝ ਸਮਝਾਇਆ ਬੁਝਾਇਆ ਕਰ ਖਾਂ।

ਜੱਸੋ – ਨੀ ਕੇਹਨੂੰ? ਅੰਨ੍ਹੇ ਅੱਗੇ ਰੋਣਾ ਅੱਖੀਆਂ ਦਾ ਖੋਹ।

ਤਾਰੋ – ਮਾਪੇ ਵੀ ਅੰਨ੍ਹੇ ਹੋ ਕੇ ਸਾਕ ਕਰ ਦਿੰਦੇ ਨੇ। ਜ਼ਰਾ ਨਹੀਂ ਸੋਚਦੇ, ਪਈ ਅੱਗੇ ਜਾ ਕੇ ਕੀਹਦੀ ਜਾ ਨੂੰ ਰੋਊ। ਮੈਨੂੰ ਬੜਾ ਗੁੱਸਾ ਆਉਂਦੈ ਏਹੋ ਜਹੇਬੰਦਿਆਂ ਤੇ। ਏਹਦੇ ਨਾਲਂ ਤੇ ਜੰਮਦੀਆਂ ਦੇ ਗਲ ਘੁਟ ਦਿਆ ਕਰਨ।

ਜਸੋ – (ਰੋਂਦੀ ਹੋਈ)। ਬੀਬੀ, ਜਣਦਿਆਂ ਨੂੰ ਰੋਈਦਾ ਏ ਰਾਤ ਦਿਨ, ਜਿਨ੍ਹਾਂ ਸ਼ਰਾਬੀ ਕਬਾਬੀ ਦੇ। ਲੜ ਲਾ ਦਿੱਤਾ (ਹਟਕੋਰਾ ਲੈ ਕੇ) ਐਹੋ ਜਹੇ ਸੁਹਾਗ ਨਾਲੋਂ ਤੇ ਰੰਡੇਪਾ ਚੰਗਾ।

ਤਾਰੋ – ਤਾਹੀਓਂ ਵੀਰ ਮਨਮੋਹਨ ਰੋਜ ਦੁਹਾਈਆਂ ਦਿੰਦਾ, ਪਈ ਮੁੰਡੇ ਕੁੜੀਆਂ ਦੇ ਵਿਆਹ ਛੋਟੀ ਉਮਰ ਵਿੱਚ ਨਾ ਕਰੋ। ਕੁਝ ਪਤਾ ਹੁੰਦਾ ਏ ਕਿ ਬਗਾਨੇ ਪੁਤ ਨੇ ਵੱਡਾ ਹੋ ਕੇ ਸ਼ਰਾਬੀ ਨਿਕਲਣਾ ਕਿ ਕਬਾਬੀ, ਚੋਰ ਬਨਾ ਕਿ ਯਾਰ। ਪਰ ਲੋਕਾਂ ਦੀ ਮੱਤ ਨੂੰ ਖਬਰੇ ਕੀ ਹੋਇਆ, ਗੁੱਡੀਆਂ ਪਟੋਲਿਆਂ ਨਾਲ ਖੇਡਣ ਵਾਲੀਆਂ ਦੇ ਹੀ ਗਲ ਵਿਆਹ ਦਾ ਫਾਹ ਪਾ ਦਿੰਦੇ ਨੇ। ਵਿਚਾਰੀਆਂ ਦੀ ਜੁਆਨੀ ਚੜ੍ਹਨ ਤੋਂ ਪਹਿਲੋਂ ਹੀ ਢਲਣੀ ਸ਼ੁਰੂ ਹੋ ਜਾਂਦੀ ਏ।

ਜੱਸੋ – ਹਰ ਵੇਲੇ ਡਰਦਿਆਂ ਦੀ ਤ੍ਰਾਹ ਤ੍ਰਾਹ ਜਾਨ ਕਰਦੀ ਰਹਿੰਦੀ ਏ। ਦਿਹਾੜੀ ਵਿੱਚ ਉਨੱਤੀ ਸੌ ਲੱਚਾ ਮੁਸ਼ਟੰਡਾ ਆਉਂਦਾ ਤੇ ਉਨੱਤੀ ਸੌ ਜਾਂਦਾ। ਬੀਬੀ, ਸਾਡੇ ਜੀਊਣ ਦਾ ਕੋਈ ਧਰਮ ਏ।

ਨਿਆਮਤੇ – ਨਾਲ ਭੈਣ ਹੋਰੀਂ ਇਕ ਦਿਨ ਕਹਿੰਦੇ ਸਨ, ਕੋਈ ਨਵਾਂ ਕਨੂੰਨ ਬਣਨ ਲੱਗੈ।

ਚੰਨੋ – ਅੜੀਏ, ਨਵੇਂ ਕਨੂੰਨਾਂ ਨੇ ਕੀ ਕਰਨਾ। ਤਲਾਕ ਦੇ ਕੇ ਤੀਵੀਂ ਖਾਵੇਗੀ ਕਿੱਥੋਂ ? ਜਿੰਨਾ ਚਿਰ ਤੀਵੀਂ ਪੜ੍ਹ ਲਿਖ ਕੇ ਹੱਥੀਂ ਕਮਾਉਣ ਜੋਗੀ ਨਹੀਂ ਹੋ ਜਾਂਦੀ, ਇਸ ਨੇ ਮਰਦਾਂ ਦੇ ਪੈਰਾਂ ਦੀ ਜੁੱਤੀ ਹੀ ਰਹਿਣਾ ਏ।

ਜੱਸੋ – ਸੱਚੀ ਗੱਲ ਏ ਭੈਣੇ, ਸਾਡੇ ਵਲ ਵੇਖ ਲਓ।

ਨਿਆਮਤੇ – ਨੀ ਜੱਸੋ, ਸੁਣਿਆ ਕਿਸੇ ਟਾਪੂ ਤੇ ਗਿਆ ਸੀ ?

ਜੱਸੋ – ਚੀਨ ਨੂੰ ਦਫਾ ਹੋਇਆ ਸੀ, ਰੱਬ ਦਾ ਹਜ਼ਾਰ ਸ਼ੁਕਰ ਕੀਤਾ ਸੀ।

ਉਥੇ ਵੀ ਦੋ ਢਾਈ ਮਹੀਨੇ ਰਹਿ ਕੇ ਮੁੜ ਆਇਆ।

ਤਾਰੋ – ਜਿਨ੍ਹਾਂ ਵਿਹਲੀਆਂ ਖਾਧੀਆਂ ਹੋਣ, ਉਨ੍ਹਾਂ ਤੋਂ ਕਾਹਨੂੰ ਕੰਮ ਹੁੰਦਾ ਏ। (ਜੱਸੋ ਨੂੰ) ਨੀ ਤੂੰ ਸਕੂਲੇ ਆਇਆ ਕਰ ਦੋ ਘੜੀਆਂ। ਆਪੇ ਦੂਜੇ ਪਾਸੇ ਧਿਆਨ ਪੈ ਜਾਇਆ ਕਰੇਗਾ ਤੇ ਨਾਲੇ ਕੁਝ ਸਿਖ ਜਾਏਂਗੀ।

ਜੱਸੋ – ਬੀਬੀ, ਕਿੱਕੇ ਸਾਡੇ ਕਰਮਾਂ 'ਚ! ਇਕ ਦਿਨ ਇਸੇ ਤਰ੍ਹਾਂ ਕਹੇ ਕਹਾਏ ਚਲੀ ਗਈ ਸੀ, ਮਾਰ ਮਾਰ ਕੇ ਮੇਰੇ ਹੱਡ ਸੁਜਾ ਦਿੱਤੇ। ਆਹ ਵੀ ਤੁਹਾਡੇ ਕਰ ਕੇ ਚੋਰੀ ਛੱਪੀ ਕਤ ਲੈਂਦੀ ਆਂ, ਪਈ ਕੋਈ ਘਰ ਦੀ ਗਰਜ ਤੁਰ ਪਏ। ਤੂੰ ਏਹ ਕਹਿਨੀਂ ਏਂ, ਉਹ ਤੇ ਮਨਮੋਹਨ ਦਾ ਨਾਂ ਨਹੀਂ ਸੁਣ ਸੁਖਾਂਦਾ। ਜਿੱਦਾਂ ਨਮਾਣਾ ਚੌਧਰੀ ਕਹਿੰਦਾ ਉੱਦਾਂ ਈ ਕਰਦਾ।

ਚੰਨੋ – ਲੈ ਆ ਗਈ ਏ ਅੱਲੂ ਦੀ ਆਲ।

ਤਿੰਨ ਚਾਰ ਨੰਗ-ਧੜੰਗੇ ਕੁਥੱਥੇ ਜਹੇ ਨਿਆਣੇ ਆਉਂਦੇ ਹਨ। ਸਭ ਤੋਂ ਨਿੱਕਾ ਮੁੰਡਾ ਰੋਂਦਾ ਰੋਂਦਾ ਜੱਸੋ ਦੇ ਮੋਢੇ ਨਾਲ ਲਗ ਜਾਂਦਾ ਏ।

ਨਿੱਕਾ – (ਰੋਂਦਾ ਹੋਇਆ) ਮਾਂ ... ਮਾਂ..., ਮੈਨੂੰ ... ਮੰਨ੍ਹਾਂ ... ਮਾਰਦਾ ....

ਜੱਸੋ – ਉਰੇ ਹੋ ਫਾਹੇ ਜਾਣਿਆਂ ਮੰਨ੍ਹਿਆ, ਤੇਰੀ ਖਲ੍ਹ ਲਾਹਵਾਂ। .... ਬਸ ਚੁਪ ਕਰ, ਮਾਰਾਂਗੇ।

ਕੁੜਤੀ ਦਾ ਬਟਣ ਖਲ੍ਹ ਕੇ ਦੁਧ ਚੁੰਘਾਉਣ ਲਗ ਜਾਂਦੀ ਹੈ। ਬਾਕੀ ਮੁੰਡੇ ਕੁੜੀਆਂ ਗਿੱਲੀ ਮਿੱਟੀ ਨਾਲ ਖੇਡਣ ਲਗ ਜਾਂਦੇ ਹਨ।

ਚੰਨੋ – (ਲਾ ਕੇ) ਭਲਾ ਕੀ ਫ਼ੈਦਾ ਬਹੁਤੇ ਨਿਆਨਿਆਂ ਦਾ। ਅੱਗੇ ਥੋੜ੍ਹਾ ਗੰਦ ਪਿਆ ਹੋਇਆ ਏ ਮੁਲਖ 'ਚ।

ਜੱਸੋ – ਬੀਬੀ, ਸਾਹ ਲੈ, ਆਹ ਜਾਂਦੀ ਏ ਤੇਰੀ ਵੀ ਵਾਰੀ।

ਚੰਨੋ – ਵਾਰੀ ਕਿਵੇਂ ਆ ਜਾਊ, ਅਸੀਂ ਅਜੇ ਵਿਆਹ ਹੀ ਨਾ ਕਰਾਵਾਂਗੇ।

ਜੱਸੋ – ਅੰਮਾਂ ਨੂੰ ਪੁਛ ਜਾ ਕੇ।

ਚੰਨੋ – ਪੁੱਛਿਆ ਹੋਇਆ ਏ। ਜੇ ਕਰਾਇਆ ਵੀ ਤਾਂ ਆਪਣੇ ਖ਼ਿਆਲਾਂ ਦੇ ਬੰਦੇ ਨਾਲ ਕਰਾਵਾਂਗੇ ਕਿ।

ਓਹਦੇ ਘਰ ਕੀ ਵਸਣਾ

ਜੀਹਨੇ ਮਿਡਲ ਪਾਸ ਨਾ ਕੀਤਾ।

ਜੱਸੋ – ਬੜੀਆਂ ਗੱਲਾਂ ਆ ਗਈਆਂ ਨੇ। ਅੰਮਾਂ ਨੂੰ ਅਜੇ ਕੋਈ ਜੁੜਿਆ ਨਹੀਂ ਹੋਣਾ, ਨਹੀਂ ਤੇ ਕਦੋਂ ਦਾ ਫਾਹ ਵੱਢ ਸੁਟਦੀ।

ਚੰਨੋ – ਜੇਚਾਚੀ, ਜੁੜ ਵੀ ਗਿਅਲਾ ਤਾਂ ਅਸੀਂ ਤੇਰੇ ਵਾਂਗ ਬੇਸੁਰੇ ਨਿਆਦੇ ਨਹੀਂ ਜਮਾਉਣੇ।

ਜੱਸੋ – (ਬੜੇ ਗੁੱਸੇ ਵਿੱਚ) ਪੜ੍ਹ ਲਿਖ ਕੇ ਸ਼ਰਮ ਹਯਾ ਨੂੰ ਤੇ ਛਿੱਕੇ ਤੇ ਟੰਗ ਛਡਦੀਆਂ ਨੇ।

ਤਾਰੋ – ਨੀ ਏਹਦੇ ਵਿੱਚ ਬੇਹਯਾਈ ਦੀ ਕਿਹੜੀ ਗੱਲ ਏ? ਗੱਲਾਂ ਕਰਨੀਆਂ ਬੇਮੁਹਾਰੇ ਬੱਚੇ ਪੈਦਾ ਕਰਨ ਨਾਲੋਂ ਬਹੁਤੀ ਬੇਸ਼ਰਮੀ ਹੋ ਗਈ? ਸੱਚੀ ਗੱਲਏਓ, ਸਾਡੇ ਲੋਕੀਂ ਸ਼ਰ੍ਹਾ ਕਰਦੇ ਸ਼ਰਮਾਉਂਦੇ ਨੇ, ਪਰ ਝਗੜਦੇ ਨਹੀਂ

ਸ਼ਰਮਾਉਂਦੇ। ਮੈਂ ਆਪ ਕਹਿਨੀਂ ਆਂ, ਨਿਆਣੇ ਹੋਣੇ ਹੀ ਉੱਨੇ ਕੁ ਚਾਹੀਦੇ ਨੇ, ਜਿੰਨਿਆਂ ਕੁ ਨੂੰ ਤੀਵੀਂ ਚੰਗੀ ਤਰ੍ਹਾਂ ਸੰਭਾਲ ਸਕੇ। ਤੂੰ ਪਹਿਲੋਂ ਆਪਣ ਵੀ ਵੇਖ ਖਾਂ, ਹੈ ਕੋਈ ਤੇਰੀ ਜ਼ਿੰਦਗੀ ਦਾ ਹਜ? ਨਾ ਖਾਣ ਦਾ ਸੁਆਦ ਤੇ ਨਾ ਪਹਿਨਣ ਦਾ ਚਜ।

ਜੱਸੋ – ਏਹ ਕਿਸੇ ਦੇ ਵੱਸ ਦੀ ਗੱਲ ਏ?

ਤਾਰੋ – ਹੋਰ ਬੇਵਸੀ ਗੱਲ ਏ। ਕਿਤੇ ਅਸਮਾਨੋਂ ਤਾਂ ਨਹੀਂ ਡਿਗ ਪੈਂਦੇ।

ਜੱਸੋ – ਬਸ ਕਰੋ ਨੀ, ਲੱਗੀਆਂ ਓ ਨਵੇਂ ਕਨੂੰਨ ਛਾਂਟਣ।

ਨਿਆਮਤੇ – ਬੀਬੀ ਜੀ, ਮੈਂ ਤੇ ਕਹਿਨੀਆਂ ਇਕ ਦੋ ਨਿਆਣਿਆਂ ਤੋਂ ਵਧ ਹੋਣੇ ਹੀ ਨਹੀਂ ਚਾਹੀਦੇ।

ਤਾਰੋ – ਸ਼ੇਰ ਪੁਤ ਇੱਕੋ ਭਲਾ, ਸੌ ਗਿੱਦੜ ਕਿਸ ਕੰਮ।

ਨਿਆਮਤੇ – ਬਹੁਤਿਆਂ ਨਿਆਣਿਆਂ ’ਚ ਕੁਝ ਆਪਣੀ ਮਿੱਟੀ ਪਲੀਤ ਤੇ ਕੁਝ ਬੱਚਿਆਂ ਦੀ ਜ਼ਿੰਦਗੀ ਖ਼ਰਾਬ।

ਜੱਸੋ – ਹੋਰ ਆ ਗਈ ਏ ... ਖਾਜੇ ਦਾ ਗੁਆਹ ਡੱਡੂ। ਦੇਖ ਲਵਾਂਗੇ, ਤੈਨੂੰ ਵੀ।

ਚੰਨੋ–ਲੈ ਹੁਣੇ ਦੇਖ ਲੈ।

ਪੰਜਾਂ ਛਿਆਂ ਵਰ੍ਹਿਆਂ ਦਾ ਇਕ ਬੜਾ ਸਾਫ਼ ਸੁਥਰਾ ਮੁੰਡਾ (ਸ਼ਫੀ) ਨਿਆਮਤੇ ਕੋਲ ਆਉਂਦਾ ਹੈ।

ਸ਼ਫੀ – ਬੀਬੋ ਜੀ, ਮੈਂ ਵੀ ਸਕਊਟ ਬਣਨਾਂ, ਮੈਨੂੰ ਨਿੱਕਰ ਸਵਾ ਦਿਓ।

ਨਿਆਮਤੇ – ਕਾਕਾ ਜੀ, ਔਹ ਵੇਖਾਂ ਤੁਹਾਡੀ ਨਿੱਕਰ ਬੀਉਂ ਹੁੰਦੀ ਏ। ਪਰ ਪੜ੍ਹਿਆ ਵੀ ਕਰੋ।

ਸ਼ਫੀ – (ਖ਼ੁਸ਼ੀ ’ਚ) ਮੈਂ ਸਾਰਾ ਕੰਮ ਮੁਕਾ ਆਇਆਂ ਤੇ ਸਬਕ ਵੀਯਾਦ ਕਰ ਲਿਆ।

ਨਿਆਮਤੇ – ਚੰਗਾ ਫੇਰ ਹੁਣ ਖੇਡੋ ਬਾਗ ਵਿੱਚ।

ਚੰਨੋ – ਗਰੀਬਾਂ ਨੂੰ ਕੀ ਰੱਬ ਦੀ ਮਾਰ ਵੱਗੀ ਹਈ ਏ। ਜਿੰਨਾ ਕੋਈ ਗਰੀਬ ਹੁੰਦਾ, ਉੱਨੇ ਉਹਦੇ ਬਹੁਤੇ ਨਿਆਣੇ ਹੁੰਦੇ ਨੇ। ਅਗਲਿਆਂ ਨੂੰ ਰਜਵੀਂ ਰੋਟੀ ਨਹੀਂ ਮਿਲਦੀ ਤੇ ਹੋਰ .....

ਜੱਸੋ – ਐਸ ਕੁੜੀ ਨੂੰ ਕੀ ਖੰਭ ਲਗ ਗਏ! ਚਾਰ ਅੱਖਰ ਤੇ ਪੜ੍ਹ ਗਈ, ਕਿਸੇ ਨੂੰ ਖਲੋਣ ਈ ਨਹੀਂ ਦਿੰਦੀ। ਬੀਬੀ, ਜੇ ਅਜ ਵਿਆਹ ਹੋਇਆ ਹੁੰਦਾ ਤਾਂ ਸਾਰੀਆਂ ਗੱਲਾਂ ਭੁਲ ਜਾਣੀਆਂ ਸੀ।

ਚੰਨੋ– ਜੀਉਂਦੇ ਰਹਿਣ ਵੀਰ ਮੋਹਨ ਤੇ ਭੈਣ ਜਸੋਧਾਂ, ਜਿਨ੍ਹਾਂ ਸਾਨੂੰ ਨਵਾਂ ਜਨਮ ਦਿੱਤਾ ਏ। (ਹਉਕਾ ਲੈ ਕੇ) ਨਹੀਂ ਤੇ ਸਾਡੇ ਵੀ ਅੱਜ ਚਾਚੀ ਵਾਂਗ ਇਕ ਦੋ ਏਧਰ ਤੇ ਇਕ ਦੋ ਓਧਰ ਚੀਂ ... ਮੀਂ .... ਕਰਦੇ ਹੋਣੇ ਸੀ।

ਸਾਰੀਆਂ ਖੁਲ੍ਹ ਕੇ ਹਸਦੀਆਂ ਹਨ।

ਤਾਰੋ – ਅੜੀਓ, ਬਸ ਕਰੋ ਹੁਦ, ਸਫ਼ਾਈ ਦੇਮੁਜ਼ਾਹਰੇ ਦਾ ਵਕਤ ਹੋਣ ਵਾਲਾ ਏ। ਘਰ ਜਾ ਆਓ ਜੇ ਜਾਣਾ ਏ।

ਚੰਨੋ – ਹਾਇਆ, ਸਾਨੂੰ ਚੇਤਾ ਈ ਭੁਲ ਗਿਆ! ਆਓ ਨੀ ਘਰ ਝਾਤੀ ਮਾਰ ਆਈਏ।

ਨਿਆਮਤੇ – ਕਲ੍ਹ ਰਾਤ ਨੂੰ ਡਰਾਮਾ ਵੇਖਾਂਗੇ ਜੀ।

ਚੰਨੋ – (ਤਾਰੋ ਵੱਲ ਵੇਖ ਕੇ) ਤੇ ਨਾਲੇ ਵਰਿਆਮੇ ... ਸੱਚ ਵਰਿਆਮ ਸਿੰਘ ਦਾ ਲੈਕਚਰ ਸੁਣਾਂਗੇ।

ਜੱਸੋ – ਉਠ ਵੇ ਮਨਾ ਪਰਾਇਆ ਧਨਾ।

ਤਾਰੋ – ਕੁੜੇ ਬੈਠ, ਤ ਵੀ ਉਠ ਖੜੀ ਹੋਈ?

ਜੱਸੋ – ਚਲੀਏ ਬੀਬੀ, ਆਹ ਫਾਹੇ ਜਾਣੇ ਟਿਕਾਣ ਦਿੰਦੇ ਨੇ ਕਿਸੇ ਨੂੰ।

ਰੋਟੀ ਝੁਲਸ ਆਵਾਂ ਇਨ੍ਹਾਂ ਨੂੰ।

ਇਸ਼ਕ-ਪੇਚੇ ਦੀ ਵੇਲ ਤੇ ਇਕ ਕੱਲ-ਮ-ਕੱਲੀ ਘੁੱਘੀ ਬੈਠ ਬੋਲਦੀ ਹੈ। ਤਾਰੋ ਮਸ਼ੀਨ ਖੜੀ ਕਰ ਕੇ ਸੁਣਦੀ ਹੈ। ਤੇ ਫੇਰ ਵਹਿਣਾਂ ਵਿੱਚ ਡੁਬ ਜਾਂਦੀ ਏ। ਇੰਨੇ ਚਿਰ ਨੂੰ ਘੁੱਘੀ ਦਾ ਸਾਥੀ ਕੋਲ ਆ ਬਹਿੰਦਾ ਹੈ। ਕਿਸੇ ਦੀ ਆਵਾਜ਼ ਸੁਣ ਕੇ ਤਾਰੋ ਇਕ-ਦਮ ਤ੍ਰਬਕ ਜਾਂਦੀ ਹੈ।

ਵਰਿਆਮ – ਏ ਭਾਬੀ ਕਰਤਾਰ ਕੋਰੇ! ਘਰ ਈ ਏਂ?

ਤਾਰੋ– (ਦੇਖ ਕੇ ਅਤ ਖ਼ੁਸ਼ੀ ਵਿੱਚ) ਧੰਨ ਭਾਗ! ਅਜ ਕਿਧਰੋਂ ਸੂਰਜ ਚੜ੍ਹ ਆਇਆ! ਵੇ ਦਿਉਰਾ, ਤੈਨੂੰ ਅਜ ਕਿੱਦਾਂ ਰਾਹ ਭੁਲ ਗਿਆ?

ਵਰਿਆਮ– ਭਾਬੀ, ਕੰਮਾਂ ਵਿੱਚ ਰੁੱਝੇ ਰਹੀਦਾ ਏ। ਘਟ ਵੱਧ ਹੀ ਵਿਹਲ ਮਿਲਦੈ।

ਤਾਰੋ – (ਪੀਹੜਾ ਫੜਾਉਂਦੀ ਹੋਈ) ਐਨਾਂ ਕਾਹਦਾ ਕੰਮ ਆ ਪਿਆ?

ਵਰਿਆਮ– ਅਖੇ ਅੰਮਾਂ ਨੀ ਅੰਮਾਂ, ਮੈਂ ਕਿਹੜੇ ਵੇਲੇ ਨਕੰਮਾ। ਭਾਬੀ ਸੋ ਸਾਡਾ ਹਾਲ ਏ। ਜੇ ਵਿਹਲੇ ਹੋਈਏ ਤਾਂ ਸਗੋਂ ਬਹੁਤਾ ਕੰਮ ਹੁੰਦਾ ਏ।

ਤਾਰੋ – ਆਹੋ ਹੁਣ ਤੂੰ ਸਾਨੂੰ ਕਿੱਥੇ ਸਿਆਣਨਾ ਏਂ, ਸੁਖ ਨਾਲ ਵੱਡਾ ਆਦਮੀ ਬਣ ਗਿਆਂ।

ਵਰਿਆਮ – (ਪਸੀਜ ਕੇ) ਭਰਜਾਈਏ, ਤੈਨੂੰ ਭਰਮ ਏ। ਜਿਉਂ ਜਿਉਂ ਫਲ ਲਗਦਾ, ਰੁਖ ਸਗੋਂ ਨਿਉਂਦਾ।

ਤਾਰੋ – ਪਰ ਬੰਦਾ ਜੇ ਮਿਲਦਾ ਗਿਲਦਾ ਰਹੇ ਤਾਂ ਹੀ ਚਿਤ ਚੇਤੇ ਰਹਿੰਦਾ। ਅੱਖੋਂ ਦੂਰ ਸੋ ਦਿਲੋਂ ਦੂਰ।

ਵਰਿਆਮ – ਭਾਬੀ, ਦਿਲ ਨੇੜੇ ਹੋਣੇ ਚਾਹੀਦੇ ਨੇ, ਬੰਦਾ ਭਾਵੇਂ ਸੌ ਕੋਹਾਂ ਤੇ ਫਿਰੇ।

ਤਾਰੋ – (ਹਉਕਾ ਲੈ ਕੇ ) ਹੱਛਾ ਦਿਉਰਾ, ਰਾਜ਼ੀ ਖ਼ੁਸ਼ੀ ਰਹ। (ਵਰਿਆਮ ਨੂੰ ਇਕ-ਟਕ ਆਪਣੀ ਵਲ ਦੇਖ ਕੇ) ਪਿਛਲੇ ਹਫ਼ਤੇ ਤੁਸੀਂ ਬੜਾ ਚੰਗਾ ਲੈਕਚਰ ਕੀਤਾ।

ਵਰਿਆਮ – ਸਭ ਤੇਰੀ ਮਿਹਰਬਾਨੀ ਏ! ਸਾਨੂੰ ਕੀ ਆਉਂਦਾ।

ਤਾਰੋ – ਸੱਚੀਂ ਮੁੱਚੀ ਲੋਕਾਂ ਨੇ ਬੜਾ ਸਲਾਹਿਆ।

ਵਰਿਆਮ – (ਪਿਆਰ ਦੇ ਸਰੂਰ ਵਿੱਚ) ਭਾਬੀ, ਕੀ ਲੈ ਜਾਣਾ ਏ ਦੁਨੀਆਂ ਤੋਂ, ਜਿੰਨੀ ਮੁਲਕ ਦੀ ਸੇਵਾ ਹੋ ਜਾਏ, ਥੋੜ੍ਹੀ ਏ। ਸਾਰੀ ਉਮਰ ਗੁਨਾਹੀ ਬੀਤੀ, ਅੱਗੇ ਸੰਭਲ ਚੱਲੋ ਨੰਦ ਲਾਲਾ। ਜੇਹੜੀ ਰਹਿ ਗਈ ਏਹੋ ਕਿਸੇ ਅਰਥ ਲਗ ਜਾਏ। (ਲੰਮਾ ਸਾਹ ਲੈ ਕੇ ਤੇ ਆਲਾ-ਦੁਆਲਾ ਦੇਖ ਕੇ) ਬੜੀ ਮਹਿਕ ਆਉਂਦੀ ਏ। ਡਿਉਢੀ ਕਾਹਦੀ ਏ, ਸੁਰਗ ਦੀ ਕੋਠੜੀ ਏ। ਬਸ, ਇੱਕੋ ਘਾਟਾ ਸੀ ਮੂਰਤ ਦਾ। ਸੋਈ ਆਹ ਮੈਂ ਲੈ ਆਂਦੀ ਏ। ਦੇਖੇਂ ਨਾ, ਕੁਝ ਚੰਗੀ ਵੀ ਏ?

ਤਾਰੋ – (ਮੂਰਤ ਨੂੰ ਵੇਖ ਬੜੀ ਖ਼ੁਸ਼ੀ ਵਿੱਚ) ਬਹੁਤ ਸੋਹਣੀ ਏ! ਕਿੱਥੋਂ ਲਿਆਂਦੀ ਏ ?

ਵਰਿਆਮ – (ਜਿਤ ਦੇ ਨਸ਼ੇ ਵਿੱਚ) ਏਹ ਮੈਨੂੰ ਅਨਾਮ ਵਿੱਚ ਮਿਲੀ ਸੀ ਪਿਛਲੇ ਹਫ਼ਤੇ।

ਤਾਰੋ ਬੇਹਦ ਖ਼ੁਸ਼ੀ ਵਿੱਚ ਕਦੇ ਮੂਰਤ ਵਲ ਵੇਖਦੀ ਏ, ਕਦੇ ਵਰਿਆਮ ਵਲ ਤੇ ਆਪ-ਮੁਹਾਰੀ ਮੁਸਕ੍ਰਾਉਂਦੀ ਏ। ਘੁੱਘੀ ਫੇਰ ਬੋਲਣ ਲੱਗ ਜਾਂਦੀ ਹੈ। ਵਰਿਆਮ ਦੀ ਹਾਲਤ ਬਿਹਾਲੀ ਹੋ ਜਾਂਦੀ ਹੈ ਤੇ ਨੋਟ-ਬੁਕ ਕਢ ਲੈਂਦਾ ਹੈ।

(ਅਪਾਰ ਮਸਤੀ ਵਿੱਚ)

ਤੂੰ ਹੱਸਦੀ ਦਿਲ ਰਾਜ਼ੀਂ ਮੇਰਾ,

ਲਗਦੇ ਨੇ ਬੋਲ ਪਿਆਰੇ।

ਤਾਰੋ – (ਹਸ ਕੇ) ਤੁਸੀਂ ਆਪ ਬਣਾਈ ਏ? ਕਵੀ ਬਣ ਗਏ ਓ।

ਵਰਿਆਮ – (ਅੱਖਾਂ ਬੰਦ ਕਰ ਕੇ) ਭਾਬੀ, ਕਵਿਤਾ ਬਣਾਈ ਨਹੀਂ ਬਣਦੀ, ਕੁਆਰੀ ਦੇ ਜੋਬਨ ਵਾਂਗ ਫੁਟ ਕੇ ਨਿਕਲਦੀ ਏ।

(ਝੂਮ ਕੇ)

ਤੂੰ ਹੱਸਦੀ ਦਿਲ ਰਾਜ਼ੀ ਮੇਰਾ,

ਲਗਦੇ ਨੇ ਬੋਲ ਪਿਆਰੇ।

ਚਲ ਕਿਧਰੇ ਦੋ ਗੱਲਾਂ ਕਰੀਏ,

ਬਹਿ ਕੇ ਨਦੀ ਕਿਨਾਰੇ।

ਤਾਰੋ – ਵੇ ਹੌਲੀ – ਕੋਈ ਸੁਣ ਲਊ।

ਵਰਿਆਮ – ਕੋਈ ਪ੍ਰਵਾਹ ਨਹੀਂ। 'ਲੋਕ ਕੀ ਕਹਿਣਗੇ' ਦਾ ਡਰ ਚੁੱਕਿਆ ਗਿਆ ਏ। ਪੁਰਾਣਾ ਪਿੰਡ ਬਦਲ ਗਿਆ ਏ। ਹੁਣ ਤਾਂ ਜਹੜੀ ਗੱਲ ਕਰਨੀ ਏ, ਵੱਜ-ਵਜਾ ਕੇ।

ਚਲ ਕਿਧਰੇ ਦੋ ਗੱਲਾਂ ਕਰੀਏ,

ਬਹਿ ਕੇ ਨਦੀ ਕਿਨਾਰੇ।

ਲੁਕ ਲੁਕ ਲਾਈਆਂ ਪਰਗਟ ਹੋਈਆਂ,

ਵਜ ਗਏ ਢੋਲ ਨਗਾਰੇ।

ਜਸੋਧਾਂ ਸੁਤੇ-ਸਿਧ ਆਉਂਦੀ ਹੈ। ਉਨ੍ਹਾਂ ਨੂੰ ਬੈਠੇ ਦੇਖ ਇਕ-ਦਮ ਪਿਛੇ ਮੁੜ ਕੇ ਰੁਖ ਨਾਲ ਲਗ ਕੇ ਖਲੋ ਜਾਂਦੀ ਹੈ। ਕਵਿਤਾ ਦੇ ਅਸਰ ਹੇਠ ਤਾਰੋ ਚੁਪ ਹੋ ਜਾਂਦੀ ਹੈ।

ਵਰਿਆਮ – ਤੁਸੀਂ ਤਾਂ ਮੇਰੇ ਰਾਤ ਦੇ ਸੁਫਨੇ ਵਾਂਗ ਚੁੱਪ ਹੋ ਗਏ ਓ।

ਤਾਰੋ – ਸੁਫਨੇ ਵਾਂਗ, ਕੀ ਮਤਲਬ?

ਵਰਿਆਮ– ਰਾਤ ਮੈਨੂੰ ਇਕ ਬੜਾ ਸੁਆਦੀ ਸੁਫਨਾ ਆਇਆ।

ਤਾਰੋ – ਮੁਸਕ੍ਰਾਉਂਦੀ ਹੋਈ) ਕਿਹੋ ਜਿਹਾ?

ਵਰਿਆਮ – ਬੜੇ ਤੜਕੇ ਉੱਠ ਕੇ ਮੈਂ ਹਲ ਵਾਹੁਣ ਗਿਆਂ। ਜਦੋਂ ਤਕੜਾ ਦਿਨ ਚੜ੍ਹ ਗਿਆ, ਦੂਰ ਸਾਰੇ ਕੋਈ ਰੋਟੀ ਲਈ ਆਉਂਦੀ ਦਿਸੀ। ਮੈਂ ਦਿਲ ਵਿੱਚ ਕਿਹਾ, ਪਈ ਭਾਬੀ ਤਾਂ ਨਹੀਂ ਉਹ ... ਰੱਬ ਕਰੇ .... ਏਹ ਤਾਂ ਕੋਈ ਹੋਰ ਏ, ਪਲਕ ਪਿੱਛੋਂ ਉਹ ਸਵਾਣੀ ਟਾਹਲੀ ਹੇਠ ਲੱਸੀ ਤੇ ਰੋਟੀਆਂ ਰਖ ਕੇ ਬਹਿ ਗਈ। ਓਧਰੋਂ ਮੈਂ ਵੀ ਢੱਗੇ ਖੜੇ ਕਰ ਕੇ ਕੋਲ ਆ ਬੈਠਾ। ਉਸ ਘੁੰਡ ਤਾਂ ਪਹਿਲੋਂ ਹੀ ਕਢਿਆ ਹੋਇਆ ਸੀ, ਪਰ ਗੰਢੇ ਦੀ ਛਿਲ ਵਰਗੇ ਸਤਾਰਿਆਂ ਵਾਲੇ ਦੁਪੱਟੇ ਵਿੱਚਾਂ ਮੂੰਹ ਸਾਫ਼ ਪਿਆ ਦਿਸੇ। ਐਉਂ ਜਾਪੇ, ਜਿਵੇਂ ਚੌਧਵੀਂ ਰਾਤ ਦਾ ਚੰਨ ਸਤਾਰਿਆਂ ਭਰੀ ਰਾਤ ਵਿੱਚ ਬੱਦਲਾਂ ਦੀ ਪਤਲੀ ਛਾਈ ਪਿੱਛੇ ਝਾਤੀਆਂ ਮਾਰਦਾ ਏ। (ਹੱਸ ਕੇ) ਮੈਂ ਰੋਟੀ ਮੰਗਾਂ, ਭੁਖ ਤਾਂ ਮੇਰੀ ਦਰਸ਼ਨ ਕਰ ਕੇ ਲਥ ਗਈ ਸੀ, ਪਰ ਉਹ ਤੁਹਾਡੇ ਵਾਂਗ ਚੁਪ।

ਤਾਰੋ – (ਮੁਸਕ੍ਰਾ ਕੇ) ਮੈਨੂੰ ਵੀ ਅਜ ਦਿਨ ਦੇ ਚੜ੍ਹਾ ਨਾਲ ਇਕ ਸੁਫਨਾ ਆਇਆ।

ਵਰਿਆਮ – ਮੈਨੂੰ ਨਹੀਂ ਦਸਣਾ।

ਤਾਰੋ – ਕਿਉਂ ਨਹੀਂ, ਮੈਂ ਅਜ ਮੂੰ–ਨ੍ਹੇਰੇ ਉੱਠੀ, ਨ੍ਹਾਤੀ ਧੋਤੀ, ਵਾਲ ਸੁਆਰੇ ਤੇ ਸੋਹਣੇ ਸੋਹਣੇ ਕਪੜੇ ਪਾਏ। ਦਿਲ ਉਛਲ ਉਛਲ ਪਏ। ਅਜ ਮੈਂ ਉਮਰ ਵਿੱਚ ਪਹਿਲੀ ਵਾਰ ਕਿਸੇ ਦਾ ਸਾਹ ਵੇਲਾ ਲੈ ਕੇ ਜਾਣਾ ਸੀ। ਰੋਟੀਆਂ ਚੁਕੀ ਜਦੋਂ ਮੈਂ ਬਾਗ਼ ਕਲੋਂ ਦੀ ਲੰਘੀ, ਹਵਾ ਨਾਲ ਉਡ ਕੇ ਦੁਪੱਟੇ ਦੀ ਕੰਨੀ ਕੰਡਿਆਂ ਵਿੱਚ ਫਸ ਗਈ। ਇਕ ਪੱਲਾ ਛੁਡਾਵਾਂ, ਦੂਜਾ ਅੜ ਜਾਏ। ਸਾਹਮਣੇ ਲੋ ਦਿੱਸੇ, ਪਰ ਪਿਛੇ ਘੁਪ–ਹਨ੍ਹੇਰਾ। ਹਾਰ ਕੇ ਮੈਂ ਚੁਪ ਕਰ ਕੇ ਬਹਿ ਗਈ। ਮੈਂ ਕਿਹਾ ਹਲ ਛੱਡ ਕੇ ਇਧਰੋਂ ਦੀ ਲੰਘਣਗੇ ਈ ਨਾ। ਜਦੋਂ ਆਏ ਈ ਆਏ ਤਾਂ ਹੱਸਣ ਤੇ ਗੱਲਾਂ ਕਰੀ ਜਾਣ, ਪਰ ਜ਼ਾਲਮ ਕੰਡਿਆਂ ਤੋਂ ਮੇਰਾ ਲੜ ਨਾ ਛੁਡਾਉਣ।

ਤਾਰੋ ਦੀਆਂ ਗੱਲਾਂ ਦਾ ਵਰਿਆਮ ਸਿੰਘ ਤੇ ਬੜਾ ਅਸਰ ਹੁੰਦਾ ਹੈ, ਪਰ ਉਹ ਦਿਲ ਤੇ ਪੂਰਾ ਕਾਬੂ ਰੱਖਦਾ ਹੈ।

ਤਾਰੋ – ਤੁਸੀਂ ਹੱਸਣ ਕਿਉਂ ਲਗ ਪਏ ਓ?

ਵਰਿਆਮ – ਮੈਨੂੰ ਬਾਬੂ ਜੀ ਹੁਰਾਂ ਦੀ ਇਕ ਗੱਲ ਚੇਤੇ ਆ ਗਈ ਏ।

ਤਾਰੋ – ਕੋਈ ਖ਼ਾਸ ਗੱਲਏ? ਮੈਨੂੰ ਨਹੀਂ ਦਸਣੀ?

ਵਰਿਆਮ – ਅਜ ਸਵੇਰੇ ਕਹਿਣ ਲੱਗੇ, ਮੇਰਾ ਦਿਲ ਕਰਦੈ ਕਿ ਤੁਹਾਡਾ ਵਿਆਹ ਇਕ ਬਿਲਕੁਲ ਨਵੇਂ ਤੇ ਸਧਾਰਨ ਢੰਗ ਨਾਲ ਹੋਵੇ, ਮੈਂ ਕਿਹਾ, "ਮੈਨੂੰ ਕੋਈ ਉਜ਼ਰ ਨਹੀਂ, ਪਰ ਮੈਂ ਪ੍ਰਣ ਕਰ ਚੁਕਾ ਹਾਂ, ਕਿ ਤੁਹਾਡੇ ਵਿਆਹ ਨਾਲ ਹੀ ਵਿਆਹ ਕਰਾਵਾਂਗਾ।

ਤਾਰੋ – ਫੇਰ ਉਨਾਂ ਕੀ ਆਖਿਆ ?

ਵਰਿਆਮ – ਕਹਿਣ ਲਗੇ, ਵਰਿਆਮ ਸਿੰਘ ਦੋ ਸਾਥੀ ਮਿਲਣ ਤਾਂ ਵਿਆਹ ਹੁਦਾ ਏ।

ਤਾਰੋ – ਬਸ, ਏਹੋ ਦਿਲ ਏ? ਦੂਜਾ ਸਾਥੀ ਮੈਂ ਲਭ ਦਿੰਨੀਂ ਆਂ।

ਵਰਿਆਮ – ਹੋਰ ਕੀ ਚਾਹੀਦਾ।

ਤਾਰੋ – ਭੈਣ ਜਸੋਧਾਂ ਵੀਰ ਜੀ ਨਾਲ ਪਹਿਲੋਂ ਮੰਗੇ ਹੋਏ ਸਨ।

ਵਰਿਆਮ– (ਤਾਰੋ ਦਾ ਹੱਥ ਫੜ ਕੇ) ਸੱਚ ਕਹਿੰਦੇ ਓ? ਤੁਹਾਨੂੰ ਕਿਸ ਦਸਿਐ।

ਤਾਰੋ – ਭੈਣ ਜੀ ਨੇ ਆਪ।

ਵਰਿਆਮ – ਬਾਬੂ ਹੋਰਾਂ ਨੂੰ ਨਹੀਂ ਸੀ ਪਤਾ?

ਤਾਰੋ – ਨਹੀਂ ! ਤੁਸੀਂ ਹੁਦ ਦਸ ਦਿਓ ਨਾ। ਤੁਹਾਡੇ ਨਾਲੋਂ ਨੇੜੇ ਹੋਰ ਉਨ੍ਹਾਂ ਨੂੰ ਕੌਣ ਏ।

ਵਰਿਆਮ – ਪਰ ਏਹ ਗੱਲ ਹੋਈ ਕਿਸ ਤਰ੍ਹਾਂ ?

ਤਾਰੋ – ਮੰਗਣੀ ਛੱਡਣ ਤੋਂ ਪਹਿਲਾਂ ਹੀ ਭੈਣ ਜੀ ਉਹਨਾਂ ਨੂੰ ਪਿਆਰ ਕਰਦੇ ਸਨ। ਉਸ ਨੇ ਉਨ੍ਹਾਂ ਦੇ ਖ਼ਿਆਲ ਪੜ੍ਹ ਸੁਣ ਲਏ ਸਨ। ਬਸ ਫੇਰ ਟੁੱਟੀ ਨੂੰ ਗੰਢਣ ਦਾ ਪ੍ਰਣ ਕਰ ਲਿਆ।

ਵਰਿਆਮ– ਜਸੋਧਾਂ ਬਹੁਤ ਓੱਚੇ ਆਚਰਨ ਦੀ ਦੇਵੀ ਏ।

ਤਾਰੋ – ਉਨ੍ਹਾਂ ਨੂੰ ਸਮਝਣਾ ਬੜਾ ਮੁਸ਼ਕਲ ਏ। ਹਾਲਾਂਕਿ ਉਹ ਉਨ੍ਹਾਂ ਨੂੰ ਹਦ ਤੋਂ ਬਹੁਤਾ ਪਿਆਰ ਕਰਦੇ ਨੇ। ਪਰ ਉਨ੍ਹਾਂ ਨੇ ਕਦੇ ਜ਼ਾਹਰ ਨਹੀਂ ਹੋਣ ਦਿੱਤਾ, ਮਤੇ ਉਨ੍ਹਾਂ ਦੇ ਕੰਮ ਵਿੱਚ ਕੋਈ ਰੁਕਾਵਟ ਪਵੇ। (ਵਰਿਆਮ ਸਿੰਘ ਦੀ ਬਾਂਹ ਫੜ ਕੇ) ਤੁਸੀਂ ਖ਼ੁਸ਼ੀ ਨਾਲ ਪਾਗਲ ਨਾ ਹੋ ਜਇਓ ਕਿਤੇ।

ਵਰਿਆਮ – ਇਸ ਤੋਂ ਵੱਡੀ ਖ਼ੁਸ਼ੀ ਹੋਰ ਮੇਰੇ ਲਈ ਕੀ ਹੋ ਸਕਦੀ ਏ। ਹਟ ਜਾਓ, ਛਡ ਦਿਓ ਮੇਰੀ ਬਾਂਹ। ਮੈਂ ਬਾਬੂ ਹੁਰਾਂ ਨੂੰ .... (ਜਸੋਧਾਂ ਨੂੰ ਦੇਖ ਕੇ) .. ਓ ਤੁਸੀਂ !

ਜਸੋਧਾਂ – ਮੈਂ ਹੁਣੇ ਆਈ ਆਂ !

ਵਰਿਆਮ ਉਚੀ ਹੱਸਦਾ ਚਲਾ ਜਾਂਦਾ ਹੈ।

ਤਾਰੋ – ਮਲੂਮ ਹੁੰਦਾ ਤੁਸੀਂ ਸਾਡੀਆਂ ਗੱਲਾਂ ਸੁਣਦੇ ਰਹੇ ਓ?

ਜਸੋਧਾਂ – ਹੈ ਤਾਂ ਇਹ ਬੁਰੀ ਗੱਲ, ਪਰ ਮੈਨੂੰ ਤੁਹਾਡੀਆਂ ਗੱਲਾਂ ਸੁਣ ਕੇ ਐਨਾ ਸੁਆਦ ਆਇਆ ਕਿ ਹਿਲ ਨਾ ਸਕੀ।

ਤਾਰੋ – ਚਲੋ ਮੈਂ ਤੁਹਾਨੂੰ ਮੁਆਫ਼ ਕੀਤਾ।

ਤਾਰੋ ਜਸੋਧਾਂ ਨੂੰ ਘੁਟ ਕੇ ਫੜ ਲੈਂਦੀ ਹੈ।

ਜਸੋਧਾਂ – ਅੜੀਏ, ਤੂੰ ਤਾਂ ਅਜ ਮੇਰਾ ਦਿਲ ਵੀ ਛੇੜ ਦਿੱਤਾ, ਇਹਨੂੰ ਹੁਣ ਕਿਵੇਂ ਠੱਲ੍ਹ ਪਾਵਾਂ। ਪ੍ਰੇਮੀ ਨੂੰ ਪ੍ਰੇਮੀ ਦੀਆਂ ਗੱਲਾਂ ਸੁਣ ਕੇ ਕਿੰਨਾ ਸੁਆਦ ਆਉਂਦੈ।

ਤਾਰੋ – ਭੈਣ ਜੀ, ਮੈਥੋਂ ਅੱਜ ਉਹ ਗੱਲ ਦੱਸੀ ਗਈ ਏ।

ਜਸੋਧਾਂ – ਕੋਈ ਡਰ ਨਹੀਂ। ਮੈਂ ਆਪ ਚਾਹੁੰਦੀ ਸਾਂ। ਉਨ੍ਹਾਂ ਦੀ ਸਿਹਤ ਖ਼ਰਾਬ ਹੋ ਜਾਏਗੀ ਜੇ ਉਨ੍ਹਾਂ ਨੂੰ ਕੁਝ ਚਿਰ ਅਰਾਮ ਨਾ ਮਿਲਿਆ। ਉਨ੍ਹਾਂ ਦੇ ਨੇੜੇ ਹੋ ਕੇ ਹੀ ਮੈਂ ਚੰਗੀ ਤਰ੍ਹਾਂ ਸੇਵਾ ਕਰ ਸਕਾਂਗੀ।

ਤਾਰੋ – ਚੰਗਾ ਕੀਤਾ ਨਾ ਮੈਂ ?

ਜਸੋਧਾਂ – ਹਾਂ! ਉਨ੍ਹਾਂ ਦੇ ਮਾਤਾ ਪਿਤਾ ਵੀ ਸਬੱਬ ਨਾਲ ਕਲ੍ਹ ਦੇ ਆਏ ਹੋਏ ਨੇ। ਲਓ, ਵਰਿਆਮ ਸਿੰਘ ਫੇਰ ਮੁੜ ਆਇਆ ਏ।

ਤਾਰੋ – ਕਿਸ ਨੂੰ ਲਭਦੇ ਓ?

ਵਰਿਆਮ – ਬਾਬੂ ਜੀ ਹੋਰਾਂ ਨੂੰ।

ਤਾਰੋ – ਮਿਲੇ ਨਹੀਂ ਅਜੇ।

ਵਰਿਆਮ – ਨਹੀਂ! ਘਰੋਂ ਪਤਾ ਲੱਗਾ ਉਹ ਮੈਨੂੰ ਲਭਦੇ ਪਏ ਨੇ।

ਜਸੋਧਾਂ – ਤੁਸੀਂ ਅਜੇ ਦਸਿਆ ਤਾਂ ਨਹੀਂ?

ਵਰਿਆਮ – ਨਹੀਂ ।

ਜਸੋਧਾਂ – (ਤਰਲੇ ਨਾਲ) ਕਲ੍ਹ ਜਲਸੇ ਤੋਂ ਪਹਿਲਾਂ ਤਕ ਉਨ੍ਹਾਂ ਨੂੰ ਨਾ ਦਸਣਾ।

ਵਰਿਆਮ – ਇਸ ਵਿੱਚ ਵੀ ਕੋਈ ਭੇਦ ਏ?

ਜਸੋਧਾਂ – ਹਾਂ।

ਵਰਿਆਮ – ਚੰਗਾ, ਕਲ੍ਹ ਸ਼ਾਮ ਤਕ ਮੈਂ ਬਿਲਕੁਲ ਚੁਪ ਰਹਾਂਗਾ।

ਸਾਰੇ ਹੱਸ ਪੈਂਦੇ ਹਨ।

# ਤੀਜੀ ਝਾਕੀ

ਚੌਧਰੀ ਮੰਧੇ ਦੀ ਹਵੇਲੀ। ਚੌਧਰੀ, ਬੰਤਾ ਤੇ ਗਾਮਾ ਤਿੰਨੇ ਇਕ ਮੰਜੇ ਉੱਤੇ ਬੈਠੇ ਹਨ। ਮੰਜ ਦੇ ਲਾਗੇ ਇਕ ਸਟੂਲ ਉੱਤੇ ਦੋ ਦੇਸੀ ਸ਼ਰਾਬ ਦੀਆਂ ਬੋਤਲਾਂ, ਤਿੰਨ ਚਾਰ ਸ਼ੀਸ਼ੇ ਦੇ ਗਲਾਸ ਅਤੇ ਇਕ ਜਗ ਫੋਕੇ ਪਾਣੀ ਦਾ ਭਰਿਆ ਪਿਆ ਹੈ। ਤਿੰਨੇ ਸ਼ਰਾਬ ਵਿੱਚ ਚੂਰ ਗੱਲਾਂ ਕਰਦੇ ਹਨ।

ਬੰਤਾ – ਚੌਧਰੀ ਤੂੰ ਭੋਰਾ ਫ਼ਿਕਰ ਨਾ ਕਰ, ਤੇਰੀ ਦਾ ਵਲ ਨਹੀਂ ਤਕ ਸਕਦਾ ਕੋਈ ਸਾਡੇ ਜੀਂਦੇ ਜੀ।

ਗਾਮਾ – ਜਿੱਦਣ ਅਸੀਂ ਮਰ ਗਏ ਉਦਣ ਹੀ ਜਮੂ ਕੋਈ।

ਚੌਧਰੀ– ਓਇ ਤੁਸੀਂ ਬੜਕਾਂ ਬੜੀਆਂ ਮਾਰਦੇ ਓ, ਪਰ ਤੁਹਾਥੋਂ ਉਹ ਛੋਕਰਾ ਮੋਹਣਾ ਨਹੀਂ ਲਈਦਾ।

ਬੰਤਾ – ਉਇ ਚੌਧਰੀ ਮੇਰੇ ਮੂੰਹੋਂ ਲੈਨਾ ਫੇਰ ----- ਤੂੰ ਸਾਨੂੰ ਰੋਕਿਆ ਕਿਉਂ ਉਸ ਦਿਨ! ਮੈਂ ਤੇ ਥਾਂ ਮਾਰ ਛਡਣਾ ਸੀ।

ਗਾਮਾ – ਚੌਧਰੀ ਅਸੀਂ ਤੇ ਤੇਰੇ ਲਫਟੈਣ ਆਂ ਲਫਟੈਣ, ਤੇਰੇ ਹੁਕਮ ਦੇ ਬੰਦੇ। ਤੂੰ ਹੁਕਮ ਨਾ ਦਏਂ ਤਾਂ ਸਾਡਾ ਕੀ ਦੋਸ਼।

ਚੌਧਰੀ – ਉਸ ਦਿਨ ਮੌਕਾ ਨਹੀਂਸੀ ਮੁੰਡਿਓ। ਕਲ੍ਹ ਦੇਖ ਲਾਂਗੇ ਤੁਹਾਡੇ ਹੱਥ।

ਗਾਮਾ – ਮੇਰੀ ਲਾਠੀ ਖ਼ੂਨ ਮੰਗੀ ਏ ਖ਼ੂਨ ਚੌਧਰੀ।

ਬੰਤਾ – ਓਇ ਮੇਰਾ ਸਫਾ–ਜੰਗ ਵੀ ਜੰਗਾਲਿਆ ਗਿਆ ਸੀ। ਟਹਿਲੇ ਦੇ ਮਾਰਨ ਪਿਛੋਂ ਇਹਦੀ ਨਹੀਂ ਸੀ ਪਈ ਲੋੜ। ਅਜ ਚਾੜ੍ਹ ਲਿਆ ਏ ਸਾਣ।

ਚੌਧਰੀ – ਅਜ ਰਾਤ ਨੂੰ ਜਦੋਂ ਮੈਂ ਇਸ਼ਾਰਾ ਕਰਾਂ ਦਿਲ ਨਾ ਗੁਜਾਰਿਓ। ਜੁੜੇ ਜਲਸਿਆਂ ਵਿੱਚ ਨਹੀਂ ਪੁਛਦਾ ਕੋਈ ਬੜੇ ਕਨੂੰਨ ਨੂੰ।

ਬੰਤਾ – ਓਇ ਜਿਹੜਾ ਪੁੱਛੇਗਾ ਉਹਦਾ ਸਿਰ ਨਾ ਪਾੜ ਹੋਊ।

ਗਾਮਾ – ਮੈਂ ਤਾਂ ਸਿੱਧਾ ਪੈਣਾ ਈ ਮੋਹਣੇ ਨੂੰ, ਲਾਹ ਲੈਣਾ ਈ ਸੜੀ ਸਟੇਜ ਤੋਂ ਥੱਲੇ, ਫੇਰ ਚਾੜ੍ਹ ਦੇਣੀ ਏ ਤੌਣੀ। ਚੌਧਰੀ ਤੂੰ ਮੈਨੂੰ ਹਟਾਈਂ ਕੋਈ ਨਾ।

ਚੌਧਰੀ – ਉਹਦਾ ਫਾਹਾ ਵਢਿਆ ਗਿਆ, ਫੇਰ ਨਹੀਂ ਚੁਕਣਾ ਸਿਰ ਸਾਡੇ ਅੱਗੇ ਕਿਸੇ ਪਿੰਡ ਵਿੱਚ।

ਗਾਮਾ – ਚੌਧਰੀ ਸਾਡਾ ਗਰੀਬਾਂ ਦਾ ਵੀ ਧਿਆਨ ਰੱਖੀਂ ਫੇਰ, ਕੱਲਾ ਈ ਨਾ ਮਾਸਟਰਾਣੀ ਸਾਂਭ ਬੈਠੀਂ।

ਬੰਤਾ – ਓਇ ਗਾਮਿਆ, ਚੌਧਰੀ ਦਾ ਤੇ ਸਾਡਾ ਕੁਝ ਵੰਡਿਆ ਹੋਇਆ ਏ।

ਗਾਮਾ – ਚੌਧਰੀ, ਤਾਰੋ ਦੀ ਕਿੱਦਾਂ ਕਰਨੀ ਫੇਰ? ਉਹ ਬੜੀਆਂ ਪੈਲਾਂ ਪਾਉਂਦੀ ਫਿਰਦੀ ਏ।

ਚੌਧਰੀ – ਓਇ ਉਹਨੂੰ ਕੁਝ ਨਹੀਂ ਕਹਿਣਾ, ਪਿੰਡ ਦੀ ਨੂੰਹ ਧੀ ਏ। ਉਹਨੂੰ ਤਾਂ ਵਰਿਆਮੇ ਦੇ ਈ ਵਸਾਵਾਂਗੇ।

ਬੰਤਾ – ਮਰ ਗਿਆ ਵਰਿਆਮਾ ਵਸਾਉਣ ਵਾਲਾ ਉਹਨੂੰ।

ਚੌਧਰੀ – ਓਇ ਤੁਸੀਂ ਮੂਰਖੋ ਗੱਲ ਨਹੀਂ ਸਮਝਦੇ। ਵਰਿਆਮ ਰਲਣ ਵਾਲਾ ਏ ਸਾਡੇ ਟੁਲ ’ਚ।

ਬੰਤਾ – ਚੌਧਰੀ, ਰਹਿਣ ਦੇਤੂੰ ਇਨ੍ਹਾਂ ਗੱਲਾਂ ਨੂੰ। ਉਹ ਚੜ੍ਹਿਆ ਹੋਇਆ ਏ ਮੋਹਨ ਦੇ ਟੇਟੇ। ਤੇਰੀਆਂ ਚਾਲਾਂ ’ਚ ਨਹੀਂ ਆਉਂਦਾ।

ਗਾਮਾ – ਚੌਧਰੀ, ਤੇਰਾ ਜਾਦੂ ਨਹੀਂ ਫੁਰਿਆ ਉਹਦੇ ਤੇ।

ਚੌਧਰੀ – ਜੇ ਕਲ ਸ਼ਾਮ ਤਕ ਉਹਦੇ ਨਾਲੋਂ ਨਾ ਤੋੜ ਛਡਿਆ ਤਾਂ ਮੇਰੀਆਂ ਮੁੱਛਾਂ ਮੁਨਾ ਛਡਣੀਆਂ ਮੁਤ ਨਾਲ।

ਗਾਮਾ – ਹਲਾ! ਕੋਈ ਗੱਲ ਸੂਤ ਫਿਰੀ ਏ?

ਚੌਧਰੀ – ਹੋਰ ਤੂੰ ਕੀ ਸਮਝਦਾਂ ਮੰਧੇ ਨੂੰ।

ਬਤਾ – ਇਕੋ ਇਕ ਸੁੱਚਾ ਮੋਤੀ ਏਂ ਤੂੰ ਪਿੰਡ ਵਿੱਚ, ਤਾਹੀਓਂ ਤਾਂ ਅਸੀਂ ਪੱਲਾ ਫੜਿਆ ਏ ਤੇਰਾ।

ਚੌਧਰੀ – ਜੇ ਵਰਿਆਮੇ ਨੂੰ ਕਿਸੇ ਤਰ੍ਹਾਂ ਇਹ ਯਕੀਨ ਕਰਾ ਦੇਈਏ ਕਿ ਮੋਹਣ ਤਾਰੋ ਨਾਲ ਰਲਿਆ ਹੋਇਆ ਏ, ਬਸ ਫੇਰ ਪੌਂ ਬਾਰਾਂ।

ਗਾਮਾ – ਲੈ ਇਹ ਵੀਕੋਈ ਮੁਸ਼ਕਲ ਗੱਲ ਏ।

ਚੌਧਰੀ – ਰੱਤੋ ਅਜ ਰਾਤ ਨੂੰ ਕਿਸੇ ਬਹਾਨੇ ਤਾਰੋ ਨੂੰ ਲੈ ਜਾਓ ਮੋਹਨ ਦੀ ਬੈਠਕ ’ਚ, ਇਧਰੋਂ ਅਸੀਂ ਵੀ ਵਰਿਆਮੇ ਨੂੰ ਇਕ ਪਾਸੇ ਲੈ ਬੈਠਾਂਗੇ।

ਨੰਬਰਦਾਰ ਤੇ ਪਟਵਾਰੀ ਆਉਂਦੇ ਹਨ।

ਚੌਧਰੀ – ਹੱਈ ਸ਼ਾਬਾਬੇ! ਆਓ ਨੰਬਰਦਾਰ ਜੀ, ਆਓ ਪਟਵਾਰੀ ਸਾਹਿਬ, ਬੰਤਿਆ ਪਾ ਓਇ ਗਲਾਸਾਂ ’ਚ ਦੋ ਘੁਟ।

ਨੰਬਰਦਾਰ – ਚੌਧਰੀ, ਉਹ ਵੀ ਪੀ ਲੈਨੇ ਆਂ, ਪਹਿਲਾਂ ਗੱਲ ਤਾਂ ਸੁਣ ਲੈ।

ਚੌਧਰੀ – ਗੱਲ ਦਾ ਨਹੀਂ ਆਉਂਦਾ ਸੁਆਦ ਸਾਨੂੰ ਹਿਦਾਂ, ਜਿੰਨਾ ਚਿਰ ਇਕ ਅੱਧ ਗਲਾਬ ਅੰਦਰ ਨਾ ਚਲਾ ਜਾਏ।

ਬੰਤਾ ਦੋਹਾਂ ਨੂੰ ਗਲਾਸ ਫੜਾਉਂਦਾ ਹੈ, ਉਹ ਪੀਂਦੇ ਹਨ।

ਨੰਬਰਦਾਰ– ਚੌਧਰੀ ਪਾਣੀ ਤਾਂ ਬੜਾ ਤੇਜ ਏ।

ਚੌਧਰੀ– ਪਟਵਾਰੀ ਸਾਹਿਬ ਉਹੋ ਏ, ਜਿਸ ਨਾਲ ਦੀਆਂ ਤੁਹਾਨੂੰ ਦੋ ਬੋਤਲਾਂ ਭੇਜੀਆਂ ਸਨ।

ਪਟਵਾਰੀ – ਉਹ ਤਾਂ ਚੌਧਰੀ ਓਦਣ ਈ ਖਤਮ ਹੋ ਗਈਆਂ ਸਨ। ਦੋ ਆ ਗਏ ਸੀ ਯਾਰ ਬੇਲੀ।

ਚੌਧਰੀ – ਬੋਤਲਾਂ ਦੀ ਪਈ ਏ ਪ੍ਰਵਾਹ। ਕਿਊਂ ਓਇ ਗਾਮਿਆ ਹੈ ਕੋਈ ਹੋਰ?

ਗਾਮਾ – ਚੌਧਰੀ, ਤੂੜੀ ਵਾਲੇ ਅੰਦਰਲੇ ਪੀਪੇ ਨੂੰ ਤਾਂ ਅਜੇ ਹੱਥ ਨਹੀਂ ਲਾਇਆ।

ਨੰਬਰਦਾਰ – ਚੌਧਰੀ ਕਲ੍ਹ ਨੂੰ ਜਲਸਾ ਹੋਣ ਵਾਲਾ ਜੇ।

ਬੰਤਾ – ਮਰ ਗਏੈ ਜਲਸਾ ਕਰਨ ਵਾਲੇ।

ਚੌਧਰੀ – ਚੁਪ ਕਰੋ ਓਇ ਮਡਿਓ,ਬੜਿਆਂ ਦੀਆਂ ਗੱਲਾਂ ’ਚ ਦਖਲ ਨਾ ਦਿਓ। ਬਹਿ ਜਾਓ ਤੁਸੀਂ ਰਮਾਨ ਨਾਲ ਇਕ ਪਾਸੇ ਜੇ ਨੰਬਰਦਾਰਾ, ਐਤਕੀਂ ਵੀ ਜਲਸਾ ਕਾਮਯਾਬ ਹੋ ਗਿਆ ਤਾਂ ਅਸੀਂ ਜੀਂਦੇ ਮਰ ਗਏ ਸਮਝੋ।

ਨੰਬਰਦਾਰ – ਉਂਜ ਤਾਂ ਮੈਂ ਵੀ ਕਰ ਦਿੱਤੀ ਏ ਠਾਣੇ ਇਤਲਾਹ।

ਚੌਧਰੀ – ਜਿੰਨਾ ਚਿਰ ਅਸੀਂ ਜੀਂਦੇ ਆਂ। ਤੂੰ ਤਾਂ ਲੰਬਰਦਾਰੀ ਕਰ ਖਾਂ ਵਜ ਵਜਾ ਕੇ।

ਨਬਰਦਾਰ – ਉਹ ਮੁਰੱਬੇ-ਬੰਦੀ ਦਾ ਕੰਮ ਵੀ ਗੜਿਚ ਸਮਝੋ। ਅਧਿਆਂ ਬੰਦਿਆਂ ਨੇ ਵੀ ਅੰਗੂਠੇ ਨਹੀਂ ਲਾਏ।

ਚੌਧਰੀ – ਸਾਡੇ ਵਿਹੜੇ ਦੇ ਦਸ ਘਰ ਤਾਂ ਮੈਥੋਂ ਵਗੈਰ ਪੈਰ ਨਹੀਂ ਪੁਟ ਸਕਦੇ।

ਪਟਵਾਰੀ – (ਲੋਰ ਵਿੱਚ) ਇਹਨੂੰ ਵਗੇ ਰੱਬ ਦੀ ਮਾਰ, ਸਾਡਾ ਰਿਜ਼ਕ ਮਾਰ ਛਡਿਆ ਏ ਇਸ ਛੋਕਰੇ ਨੇ।

ਨੰਬਰਦਾਰ – ਛੋਕਰੇ ਨੇ ਕਿ ਛੋਕਰੀ ਨੇ ਵੀ?

ਸਾਰੇ ਹੱਸ ਪੈਂਦੇ ਹਨ।

ਪਟਵਾਰੀ – ਚੌਧਰੀ, ਇਹ ਫੇਰ ਇਵੇਂ ਪੈਲਾਂ ਪਾਉਂਦੀ ਰਹੂ ਪਿੰਡ ਵਿੱਚ?

ਚੌਧਰੀ – ਭਈ ਸੌਂਹ ਗੁਰਾਂ ਦੀ, ਹੈ ਬੜੀ ਮਲੂਕ ਜਹੀ ਤੇ ਨਾਲੇ ਲਗਦੀ ਬੜੀ ਚੰਗੀ ਜੇ। ਦਿਲ ਨਹੀਂ ਕਰਦਾ ਉਹਨੂੰ ਕੁਝ ਆਖਣ ਵੇਖਣ ਨੂੰ, ਨਹੀਂ ਤਾਂ ਕਦੋਂ ਦੇ ਚੁਕ ਕੇ ਲੈ ਜਾਂਦੇ।

ਬੰਤਾ – ਮੇਰੀ ਵਹੁਟੀ ਬੜੀਆਂ ਤਰੀਫਾਂ ਕਰਦੀ ਰਹਿੰਦੀ ਏ ਉਹਦੀਆਂ। ਕਈ ਵਾਰ ਕੁੱਟੀ ਏ ਮੈਂ ਏਸੇ ਗਲੋਂ।

ਬਿਸ਼ਨਾ ਅੰਦਰ ਆਉਂਦਾ ਹੈ।

ਬਿਸ਼ਨਾ– ਚੌਧਰੀ ਤੈਨੂੰ ਖਬਰ ਵੀ ਏ ਉਧਰ ਕੀ ਬਣਨ ਲੱਗਾ ?

ਚੌਧਰੀ – ਓਇ ਕੀ ਬਣਨ ਲੱਗਾ, ਮੂੰਹੋਂ ਵੀ ਫੁਟ!

ਬਿਸ਼ਨਾ – ਸੁਣਿਆ ਮੋਹਨ ਤੇ ਮਾਸਟਰਾਣੀ ਦੀ ਸ਼ਾਦੀ ਹੋਣ ਵਾਲੀ ਏ।

| | |
|---|---|
| ਚੌਧਰੀ– | (ਘਬਰਾ ਕੇ) ਓਇ ਕੌਣ ਕਹਿੰਦਾ ਤੈਨੂੰ ? |
| ਬਿਸ਼ਨਾ – | ਤੀਵੀਆਂ ਤੋਂ ਗੱਲ ਦਾ ਪਤਾ ਲੱਗਾ ਏ। |
| ਨੰਬਰਦਾਰ – | ਤੀਵੀਆਂ ਦੀਆਂ ਗੱਲਾਂ ਦਾ ਮੈਨੂੰ ਨਹੀਂ ਯਕੀਨ। |
| ਬਿਸ਼ਨਾ – | ਨੰਬਰਦਾਰਾ ਸੁਣਿਆ ਉਹ ਪਹਿਲੋਂ ਵੀ ਮੋਹਨ ਨਾਲ ਮੰਗੀ ਹੋਈ ਸੀ। |
| ਚੌਧਰੀ – | ਖਬਰ ਕਾਹਦੀ ਲਿਆਂਦੀ ਏ ਗੋਲੀ ਮਾਰ ਛੱਡੀ ਉ। |
| ਬਿਸ਼ਨਾ – | ਇਹਦੇ ਨਾਲੋਂ ਵੀ ਭੈੜੀ ਇਕ ਹੋਰ ਖਬਰ ਸੁਣੀ ਏ ਕਿ ਨਾਲ ਲਗਦਾ ਵਰਿਆਮ ਦਾ ਤਾਰੋ ਨਾਲ ਵੀ ਗੰਢ–ਤੁਪ ਹੋਣ ਵਾਲਾ ਏ। |
| ਚੌਧਰੀ– | ਹੈਂ ! ਇਹ ਕਿਥੋਂ ਸੁਣਿਆ ! |
| ਬੰਤਾ – | (ਚੌਧਰੀ ਨੂੰ) ਮੈਂ ਕਿਹਾ ਉਹ ਨਹੀਂ ਮਿਥਦਾ ਸਾਨੂੰ ਕੁਝ। |
| ਚੌਧਰੀ – | ਉਨ੍ਹਾਂ ਦੋਹਾਂ ਦੇ ਵਿਆਹ ਬੋਲੋਆਂ ਸਾਡੀ ਹਾਰ ਏ। ਲਓ ਓਇ ਮੁੰਡਿਓ ਕਲ ਰਾਤ ਨੂੰ ਚਾਹੇ ਅਸੀਂ ਹੋਵਾਂਗੇ ਚਾਹੇ ਉਨ੍ਹਾਂ ਦੇ ਵਿਆਹ ਹੋਣਗੇ। ਲਿਆ ਓਇ ਬੰਤਿਆ ਇਕ ਦੋ ਬੋਤਲਾਂ ਹੋਰ, ਮੇਰਾ ਤਾਂ ਸਾਰਾ ਨਸ਼ਾ ਈ ਉਤਰ ਗਿਆ ਇਹ ਖਬਰ ਸੁਣ ਕੇ। |

ਸ਼ਰਾਬ ਦਾ ਦੌਰ ਚਲਦਾ ਹੈ ਸਭ ਗੁਟ ਹੋ ਜਾਂਦੇ ਹਨ।

ਪਰਦਾ

# ਤੀਜਾ ਐਕਟ — ਪਹਿਲੀ ਝਾਕੀ

ਇਕ ਖੁਲ੍ਹੀ ਥਾਂ ਵਿੱਚ ਪਿੰਡ ਦੇ ਲੋਕ–ਇਸਤ੍ਰੀਆਂ ਮਰਦ, ਬੁੱਢੇ ਬਾਲ ਇਕੱਠੇ ਹੋਏ ਹੋਏ ਹਨ। ਇਕ ਪਾਸੇ ਇੱਟਾਂ ਤੇ ਸ਼ਤੀਰੀਆਂ ਨਾਲ ਉੱਚੀ ਸਟੇਜ ਬਣਾਈ ਹੋਈ ਹੈ। ਉਸ ਉੱਤੇ ਬਾਂਸਾਂ ਨਾਲ ਇਕ ਚਿੱਟਾ ਕਪੜਾ ਲਟਕ ਰਿਹਾ ਹੈ ਜਿਸ ਉੱਤੇ ਮੈਜਿਕ ਲੈਂਟਨ ਨਾਲ ਇਕ ਨਮੂਨੇ ਦੇ ਪਿੰਡ ਦੀਆਂ ਸਲਾਈਡਾਂ ਦਿਖਾਈਆਂ ਜਾ ਰਹੀਆਂ ਹਨ। ਲੋਕ ਬੜੇ ਉਤਸ਼ਾਹ ਨਾਲ ਦੇਖਦੇ ਤੇ ਸੁਣਦੇ ਹਨ। ਮਨਮੋਹਨ ਇਕੱਲੀ ਇਕੱਲੀ ਤਸਵੀਰ ਬਾਰੇ ਦੱਸੀ ਜਾ ਰਿਹਾ ਹੈ।

| | |
|---|---|
| ਮਨ – | ਹੁਣੇ ਤੁਸੀਂ ਪੁਰਾਣੇ ਪਿੰਡ ਦੀ ਇਕ ਝਾਕੀ ਦੇਖੀ ਏ। ਲਓ ਹੁਣ ਇਕ ਨਵੇਂ ਪਿੰਡ ਦਾ ਨਕਸ਼ਾ ਸਾਹਮਣੇ ਪੇਸ਼ ਕੀਤਾ ਜਾਂਦਾ ਏ ਤਾਂ ਜੋ ਤੁਸੀਂ ਆਪਣ ਤੇ ਇਸਪਿੰਡ ਵਿੱਚ ਫ਼ਰਕ ਲਭ ਸਕੋ। |
| ਅਵਾਜ਼ – | ਪੁਰਾਣਾ ਤਾਂ ਰੋਜ਼ ਦੇਖੀਦਾ ਏ, ਨਵਾਂ ਦਖਾਓ ਨਵਾਂ। |
| ਮਨ – | ਦੇਖੋ, ਇਹ ਨਵਾਂ ਪਿੰਡ ਇਕ ਬੜੇ ਖੁਲ੍ਹੇ ਥਾਂ ਵਿੱਚ ਏ।ਹਰ ਇਕ ਘਰ ਵੱਖੋ ਵਖਰਾ ਏ। ਘਰਾਂ ਦੁਆਲੇ ਕਾਫ਼ੀ ਵੇਲਾਂ ਤੇ ਬੂਟੇ ਨੇ। ਇਸ ਪਿੰਡ ਵਿੱਚ ਲਗ ਪਗ ਸਭ ਮਕਾਨ ਇਕਹਿਰੀ ਛੱਤ ਦੇ ਨੇ। |
| ਅਵਾਜ਼ – | ਸਾਡੇ ਸਗੋਂ ਚੰਗੇ ਹੋਏ ਚੁਬਾਰਿਆਂ ਵਾਲੇ। |

ਮਨ – ਗਲੀਆਂ ਸਭ ਪੱਕੀਆਂ ਤੇ ਚੌੜੀਆਂ ਨੇ। ਪਿੰਡ ਵਿੱਚ ਬਿਜਲੀ ਦੇ ਆਉਣ ਨਾਲ ਖ਼ੂਬ ਰੌਸ਼ਨੀ ਏ। ਲੋਕਾਂ ਦੇ ਘਰਾਂ ਉੱਤੇ ਰੇਡੀਓ ਦੀਆਂ ਤਾਰਾਂ ਦਿੱਸ ਰਹੀਆਂ ਨੇ।

ਅਵਾਜ਼ – ਬੱਲੇ ਬੱਲੇ ! ਸੱਚੀ ਮੁੱਚੀ ਰੇਡੂਏ ਲੱਗੇ ਹੋਏ ਨੇ।

ਮਨ – ਆਹ ਆਲੀਸ਼ਾਨ ਮਕਾਨ ਅਸਲ ਵਿੱਚ ਪਿੰਡ ਦਾ ਪੰਚਾਇਤ ਘਰ ਏ? ਪਿੰਡ ਦੇ ਮੁਖੀ ਬੰਦੇ ਇੱਕੇ ਇਕੱਠੇ ਹੁੰਦੇ ਨੇ ਅਤੇ ਪਿੰਡ ਦੀ ਬਿਹਤਰੀ ਲਈ ਸੋਚਾਂ ਵਿਚਾਰਾਂ ਕਰਦੇ ਨੇ।

ਅਵਾਜ਼ – ਓਇ ਨ੍ਹੇਰਾ ਹੋ ਗਿਆ।

ਦੂਜੀ ਅਵਾਜ਼ – ਸਾਹ ਲੈ ਤਸਵੀਰ ਬਦਲਣ ਲੱਗੇ ਨੇ।

ਮਨ – ਇਹ ਪਿੰਡ ਦੀਆਂ ਸਾਂਝੀਆਂ ਖੇਲ੍ਹਾਂ ਦੀਆਂ ਗਰਾਉਂਡਾਂ ਨੇ। ਦੂਜੇ ਪਾਸੇ ਇਸਤ੍ਰੀਆਂ ਤੇ ਬੱਚਿਆਂ ਲਈ ਪੀਂਘਾਂ ਤੇ ਝੂਲੇ ਨੇ।

ਅਵਾਜ਼ – ਓ ਦੇਖ ਓਇ ਝੂਟੇ ਲੈਂਦੀ ਕੁੜੀ।

ਦੂਜੀ ਅਵਾਜ਼ – ਮੋਈ ਦੇ ਕਪੜੇ ਦੇਖ ਕਿਵੇਂ ਹਵਾ ਵਿੱਚ ਉਡਦੇ ਨੇ।

ਮਨ – ਤੁਸੀਂ ਸ਼ਾਇਦ ਹੈਰਾਨ ਹੁੰਦੇ ਹੋਵੋਗੇ, ਪਿੰਡ ਵਿੱਚ ਕੋਈ ਪਸ਼ੂ ਨਜ਼ਰ ਨਾ ਅਉਂਦੇ ਦੇਖਕੇ। ਆਹ ਦੇਖੋ ਹਰ ਇਕ ਜ਼ਿਮੀਂਦਾਰ ਦੇ ਡੰਗਰ ਉਸ ਦੇ ਆਪਣੇ ਮੁਰੱਬੇ ਵਿੱਚ ਨੇ। ਅੱਜ ਦਾ ਇਹ ਖੇਲ ਖ਼ਤਮ ਕੀਤਾ ਜਾਂਦਾ ਹੈ। ਅਗਲੇ ਹਫ਼ਤੇ ਤੁਹਾਨੂੰ ਰੂਸ ਦੇ ਪਿੰਡਾਂ ਦੇ ਨਜ਼ਾਰੇ ਦਿਖਾਏ ਜਾਣਗੇ।

ਤਸਵੀਰਾਂ ਬੰਦ ਹੁੰਦੇ ਸਾਰ ਲੋਕੀਂ ਬੋਲਣਾ ਸ਼ੁਰੂ ਕਰ ਦਿੰਦੇ ਹਨ। ਸਟੇਜ ਉੱਤੇ ਕਾਫ਼ੀ ਚਾਨਣਾ ਹੋ ਜਾਂਦਾ ਹੈ। ਬੱਤੀਆਂ ਉੱਚੀਆਂ ਕਰਨ ਨਾਲ ਲੋਕਾਂ ਦੇ ਚਿਹਰੇ ਦਿਸਣ ਲਗ ਜਾਂਦੇ ਹਨ। ਇਸਤ੍ਰੀਆਂ ਵਲ ਦੇ ਪਾਸੇ ਲਾਗੇ ਮੰਧੇ ਦਾ ਟੂਲ ਕਿਸੇ ਮੌਕੇ ਦੀ ਤਾੜ ਵਿੱਚ ਬੈਠਾ ਮਲੂਮ ਹੁੰਦਾ ਹੈ।

ਮਨ – ਹੁਣ ਸਕੂਲ ਦੀਆਂ ਕੁੜੀਆਂ ਇਕ ਗੀਤ ਗਾਉਣਗੀਆਂ।

ਬੰਤਾ – ਨਹੀਂ ਰੀਸਾਂ ਬਣਾ ਕਿਉ ਇਨ੍ਹਾਂ ਨੂੰ ਗਾਉਣ ਵਾਲੀਆਂ।

ਗਾਮਾ – ਡੁਬ ਕੇ ਮਰ ਜਾਓ ਓਇ ਧੀਆਂ ਵਾਲਿਓ।

ਚੌਧਰੀ – ਚੁਪ ਕਰੋ ਓਇ ਅਜੇ।

ਪੰਜ ਕੁੜੀਆਂ ਸਟੇਜ ਤੇ ਆਉਂਦੀਆਂ ਅਤੇ ਰਲ ਕੇ ਗਾਉਂਦੀਆਂ ਹਨ।

ਅਸੀਂ ਪਿੰਡ ਇਕ ਨਵਾਂ ਬਣਾਂਗੇ,

ਅਸੀਂ ਪਿੰਡ ਇਕ ਨਵਾਂ ਸਜਾਂਗੇ,

ਰੌਲਿਓਂ ਗੌਲਿਂ ਦੂਰੋਂ,

ਭੁਖ ਦੁਖ ਜਿਥੇ ਰੋਗ ਨਾ ਹੋਸੀ,

ਤੇ ਦੁਖੀਏ ਕਿਰਸਾਨ।

ਅਸੀਂ ਪਿੰਡ ਇਕ ਨਵਾਂ ਬਣਾਂਗੇ,

ਅਸੀਂ ਪਿੰਡ ਇਕ ਨਵਾਂ ਸਜਾਂਗੇ,

ਢਾ ਕੇ ਪੁਰਾਣੇ ਖੋਲੇਂ।

ਹਸਦੇ ਦਵ ਜਿਥੋਂ ਦੇ ਵਾਸੀ,

ਤੇ ਲਹਿ ਲਹਿ ਕਰਦੇ ਖੇਤ।

ਅਸੀਂ ਪਿੰਡ ਇਕ ਨਵਾਂ ਬਣਾਂਗੇ,

ਅਸੀਂ ਪਿੰਡ ਇਕ ਨਵਾਂ ਸਜਾਂਗੇ,

ਦੂਰ ਦੁਰਾਡੇ ਸ਼ਹਿਰੋਂ।

(ਲੋਕੀਂ ਤਾੜੀਆਂ ਮਾਰਦੇ ਹਨ)

ਬੰਤਾ – (ਲਾ ਕੇ) ਵਾਹ ਵਾ! ਜੀਉਂਦੀਆਂ ਰਹੋ, ਵਡੀਆਂ ਉਮਰਾਂ।

ਗਾਮਾ – ਸੁਣ ਓਇ ਕੁਝ ਹੋਰ ਬੋਲਣ ਲੰਗਾ।

ਮਨ – ਹੁਣ ਸਃ ਵਰਿਆਮ ਸਿੰਘ ਚੰਦ ਮਿੰਟਾਂ ਲਈ ਆਪਣੇ ਖ਼ਿਆਲ ਤੁਹਾਡੇ ਪੇਸ਼ ਕਰਨਗੇ।

ਅਵਾਜ਼ – ਕਵੀਸ਼ਰ ਸਾਹਿਬ ਨੂੰ ਬਹੁਤ ਵਕਤ ਦਿਓ।

ਦੂਜੀ ਅਵਾਜ਼ – ਚੁਪ, ਚੁਪ! ਸੁਣੋ!

ਵਰਿਆਮ – ਭੈਣੋ ਤੇ ਭਰਾਵੋ, ਐਤਕਾਂ ਪ੍ਰੋਗਰਾਮ ਸ਼ੈਂਤ ਬਹੁਤ ਲੰਮਾ ਹੋਣ ਕਰ ਕੇ ਦਾਸ ਨੂੰ ਚੰਦ ਮਿੰਟ ਹੀ ਦਿੱਤੇ ਗਏ ਨੇ। ਤੁਸੀਂ ਸਿਆਣੇ ਓ ਚੰਦ ਮਿੰਟਾਂ ਵਿੱਚ ਹੀ ਦਸ ਸਕਦਾ ਏ। ਸੱਚੀ ਗੱਲ ਏ ਜੱਟਾਂ ਨੂੰ ਥੋੜੀ ਸ਼ੈ ਨਾਲ ਕੁਝ ਨਹੀਂ ਜੇ ਬਣਦਾ। ਖੁਲ੍ਹੀਆਂ ਗੱਲਾਂ ਲਈ ਖੁਲ੍ਹਾ ਹੀ ਸਮਾਂ ਚਾਹੀਦਾ ਹੈ।

ਅਵਾਜ਼ – ਵਾਹ ਵਾਹ, ਰੰਗ ਲਾ ਛੱਡੇ।

ਵਰਿਆਮ – ਤੁਸੀਂ ਜਾਣਦੇ ਹੋ ਮੈਂ ਕੋਈ ਭਾਰਾ ਵਿਦਵਾਨ ਤਾਂ ਹਾਂ ਹੀ ਨਹੀਂ ਕਿ ਤੁਹਾਨੂੰ ਕੋਈ ਗਿਆਨ ਗੋਸ਼ਟ ਦੀਆਂ ਗੱਲਾਂ ਸੁਣਾਵਾਂ। ਮੇਰੀਆਂ ਤਾਂ ਸਿੱਧ-ਪਧਰੀਆਂ ਜਟਕੀਆਂ ਗੱਲਾਂ ਨੇ। ਉਹ ਵੀ ਸਾਫ਼ ਸਾਫ਼ ਕਹਿ ਦੇਨਾਂ, ਭਾਵੇਂ ਕਿਸੇ ਦੇ ਗਿਟੇ ਲੱਗੇ ਭਾਵੇਂ ਗੋਡੇ। ਸ਼ਹਿਰੀਆਂ ਵਾਂਗੂੰ ਸਾਨੂੰ ਕੋਈ ਹੇਰਾ ਫੇਰੀ ਕਰਨੀ ਨਹੀਂ ਆਉਂਦੀ। ਹਾਂ ਇਕ ਗੱਲ ਮੈਂ ਗਜ ਵਜਾ ਕੇ ਕਹਿੰਦਾ ਹਾਂ ਕਿ ਮੈਂ ਭਰਾਵਾਂ ਦਾ ਦਾਸ ਹਾਂ ਤੇ (ਇਕ ਥਾਪੜ ਕੇ) ਇਸ ਦਾਸ ਦੇ ਦਿਲ ਵਿੱਚ ਭਰਾਵਾਂ ਦੀ ਸੇਵਾ ਕਰਨ ਦੀ ਲਗਨ ਹੈ ਲਗਨ।

ਅਵਾਜ਼ – ਵਰਿਆਮ ਸਿੰਘ, ਜਿੰਦਾ ਬਾਦ!

ਵਰਿਆਮ – ਇਹ ਵੀ ਬਾਬੂ ਜੀ ਹੋਰਾਂ ਦੀ ਮਿਹਰਬਾਨੀ ਏ ਕਿ ਉਨ੍ਹਾਂ ਸਾਨੂੰ ਪਸ਼ੂਆਂ ਤੋਂ ਮਨੁੱਖ ਬਣਾਇਆ ਤੇ ਇਕ ਨਵੀਂ ਰੋਸ਼ਨੀ ਦਿਖਾਈ। ਜੇ ਅਸੀਂ ਉਨ੍ਹਾਂ ਦੀਆਂ ਦਖਾਈਆਂ ਲੀਹਾਂ ਉਤੇ ਚਲਾਂਗੇ ਤਾਂ ਇਸ ਵਿੱਚ ਫ਼ਾਇਦਾ ਸਾਡਾ ਈ ਏ। ਸਾਡਾ ਤਾਂ ਉਹ ਹਾਲ ਏ ਅਖੇ ਗੱਧੇ ਨੂੰ ਲੂਣ ਦਿਉ, ਕਹਿੰਦਾ ਮੇਰੇ ਕੰਨ ਪੁਟਦੇ ਨੇ। ਹਣ ਦੇਖੋ

ਮੁਰੱਬਾ-ਬੰਦੀ ਕਿੰਨੀ ਜ਼ਰੂਰੀ ਚੀਜ਼ ਏ ਪਰ ਅਸੀਂ ਬਿਨਾਂ ਸੋਚੇ ਸਮਝੇ ਤੇ ਕਹੇ ਕਹਾਏ ਇਸ ਦੀ ਵਿਰੋਧਤਾ ਕਰ ਰਹੇ ਹਾਂ। ਮੈਂ ਕਹਿਨਾਂ ਜੇ ਅਸੀਂ ਅਕਲ ਤੋਂ ਕੰਮ ਲਈਏ ਤਾਂ ਸਭ ਬਰਕਤਾਂ ਸਾਡੀਆਂ ਨੇ।

ਪਗੜੀ ਸੰਭਾਲ ਜੱਟਾ,

ਪਗੜੀ ਸੰਭਾਲ ਓਇ।

ਦਿਨ ਦਿਹਾੜੇ ਤੇਰਾ,

ਲੁਟ ਗਏ ਮਾਲ ਓਇ।

... ... ... ... ...

ਬਹੁਤ ਸਾਰੀਆਂ ਅਵਾਜ਼ਾਂ – ਸ਼ਾਬਾਸ਼ੇ! ਨਹੀਂ ਰੀਸਾਂ ਜੁਆਨ ਦੀਆਂ।

ਮਨ – ਹੁਣ ਸਾਡੇ ਗਰਲ ਸਕੂਲ ਦੀ ਮੁਖ ਅਧਿਆਪਕਾ ਆਪ ਨੂੰ ਆਪਣੇ ਖ਼ਿਆਲ ਦਸਣਗੇ।

ਮੰਧੇ ਦਾ ਟੂਲ ਉੱਚੀ ਉੱਚੀ ਖੰਗੂਰੇ ਮਾਰਨ ਲਗ ਪੈਂਦਾ ਹੈ।

ਜਸੋਧਾਂ – ਬਜ਼ੁਰਗੋ,ਭੈਣੋ ਤੇ ਭਰਾਵੋ, ਮੈਂ ਗੱਲਾਂ ਤੇ ਲੈਕਚਰਾਂ ਵਿੱਚ ਬਹੁਤਾ ਯਕੀਨ ਨਹੀਂ ਰਖਦੀ। ਚੁਪ ਚਾਪ ਅਮੀ ਸੇਵਾ ਕਰਨ ਵਿੱਚ ਮੇਰਾ ਵਧੇਰੇ ਨਿਸਚਾ ਹੈ। ਮੇਰਾ ਤਾਂ ਇਕੋ ਇਕ ਕਹਿਣਾ ਏ ਤੇ ਉਹ ਗਲ ਘੜੀ ਮੁੜੀ ਕਹਿਣ ਵਿੱਚ ਮੈਨੂੰ ਕੋਈ ਸੰਕੋਚ ਨਹੀਂ। ਔਰਤਾਂ ਦੀ ਤਾਲੀਮ ਤੋਂ ਬਿਨਾਂ ਪਿੰਡ ਦਾ ਸੁਧਾਰ ਤਾਂ ਇਕ ਪਾਸੇ ਰਿਹਾ, ਮੁਲਕ ਦੀ ਕੋਈ ਤਰੱਕੀ ਨਹੀਂ ਹੋ ਸਕਦੀ। ਮੈਂ ਸਮਝਦੀ ਹਾਂ ਕਿ ਔਰਤਾਂ ਦੀ ਵਿਦਿਆ ਮਰਦ ਨਾਲੋਂ ਕਈ ਗੁਣਾ ਵਧੇਰੇ ਜ਼ਰੂਰੀ ਹੈ। ਇਕ ਔਰਤ ਪੜ੍ਹਾਉਣਾ ਇਕ ਟੱਬਰ ਪੜ੍ਹਾਉਣ ਦੇ ਬਰਾਬਰ ਏ। ਪੜ੍ਹੀਆਂ ਹੋਈਆਂ ਇਸਤ੍ਰੀਆਂ ਘਰਾਂ ਨੂੰ ਸਵਰਗ ਬਣਾ ਸਕਦੀਆਂ ਨੇ ਤੇ ਬੱਚਿਆਂ ਨੂੰ ਸੁਚੱਜੀ ਸਿੱਖਿਆ ਦੇ ਕੇ ਦੇਸ਼ ਦਾ ਅੱਗਾ ਸੁਆਰ ਸਕਦੀਆਂ ਨੇ। ਜਿਹੜੇ ਮੇਰੇ ਵੀਰ ਲੜਕੀਆਂ ਦੀ ਪੜ੍ਹਾਈ ਦੀ ਵਿਰੋਧਤਾ ਕਰਦੇ ਨੇ ਮੈਂ ਸਮਝਦੀ ਹਾਂ ਉਹ ਆਪਣੀਆਂ ਬਚੀਆਂ ਨਾਲ ਜ਼ੁਲਮ ਕਰਦੇ ਨੇ। ਬਸ ਮੇਰੀ ਤਾਂ ਇਹੋ ਅਪੀਲ ਹੈ ਕਿ ਤੁਸੀਂ ਆਪਣੀਆਂ ਬੱਚੀਆਂ ਨੂੰ ਸਕੂਲੇ ਭੇਜ ਕੇ ਆਪਣੇ ਤੇ ਉਨ੍ਹਾਂ ਦੇ ਜਨਮ ਸਧਾਰੋ।

ਅਵਾਜ਼ – ਵਾਹ ਜੀ ਵਾਹ ! ਕਮਾਲ ਕਰ ਦਿੱਤੀ ਏ !

ਮਨ – ਅਜ ਦੇ ਜਲਸੇ ਦੀ ਖ਼ਾਸ ਕਾਰਵਾਈ ਪਿੰਡ ਦੀ ਪੰਚਾਇਤ ਦੀ ਚੋਣ ਹੈ। ਸਾਡੇ ਇਲਾਕੇ ਦੇ ਪੰਚਾਇਤੀ ਅਫ਼ਸਰ ਇਥੇ ਮੌਜੂਦ ਨੇ। ਉਹ ਚੋਣ ਦੀ ਕਾਰਵਾਈ ਹੁਣੇ ਸ਼ੁਰੂ ਕਰਨਗੇ। ਉਸ ਤੋਂ ਪਹਿਲਾਂ ਮੈਂ ਭਰਾਵਾਂ ਅੱਗੇ ਬੇਨਤੀ ਕਰਾਂਗਾ ਕਿ ਇਸ ਚੋਣ ਵਿੱਚ ਉਹ ਕਿਸੇ ਦਾ ਲਿਹਾਜ ਨਾ ਕਰਨ। ਬਿਨਾਂ ਕਿਸੇ ਦੇ ਡਰ ਤੋਂ ਉਹ ਕੰਮ ਕਰਨ ਵਾਲੇ ਆਗੂਆਂ ਨੂੰ ਚੁਣਨ।

ਗਾਮਾ – ਮੂੰਹ ਸੰਭਾਲ ਕੇ ਬੋਲ ਓਇ!

ਕਰਤਾਰਾ – ਥਾਂ ਬਹੁ ਓਇ, ਰਾਮ ਨਾਲ। ਹੁਣੇ ....

ਬੰਤਾ – ਹੈ ਕੋਈ ਰੜਕ !

ਸਰਦਾਰਾ – ਦੇਖਣੇ ਨੇ ਹੱਥ!

ਚੌਧਰੀ– ਚੁਪ ਕਰੋ ਓਇ ਮੁੰਡਿਓ।

ਗਾਮਾ – ਸਰਕਾਰੀ ਆਦਮੀ ਅਜ ਨਾ ਹੁੰਦਾ ਦੇਖ ਲੈਂਦੇ ਅਜ ਤੁਹਾਨੂੰ।।

ਪੰਚਾਇਤੀ ਅਫ਼ਸਰ – ਭਰਾਵੋ ਤੁਹਾਡੇ ਆਪੋ ਵਿੱਚ ਦੇ ਝਗੜਿਆਂ ਨੇ ਹੀ ਤੁਹਾਨੂੰ ਬਾਕੀ ਦੁਨੀਆਂ ਨਾਲੋਂ ਪਿਛੇ ਰਖਿਆ ਹੋਇਅ ਏ। ਬਾਹਰਲੇ ਮੁਲਕਾਂ ਵਿੱਚ ਜੇਕੋਈ ਚੰਗਾ ਕੰਮ ਕਰੇ ਲੋਕੀ ਉਸ ਦੇ ਮਗਰ ਲਗ ਜਾਂਦੇ ਨੇ, ਪਰ ਅਸੀਂ ਸਗੋਂ ਉਸ ਦੇ ਰਾਹ ਵਿੱਚ ਰੋੜੇ ਅਟਕਾਉਂਦੇ ਹਾਂ।

ਬੰਤਾ – ਜਿਹੜਾ ਕੰਮ ਨਿਕੰਮੇ ਕਰੇ।

ਅਫ਼ਸਰ – ਚੌਧਰੀ ਸਾਹਿਬ, ਮੈਂ ਸਭ ਕੁਝ ਦੇਖ ਰਿਹਾ ਹਾਂ।

ਚੌਧਰੀ – (ਝਟ ਪਟ) ਬੈਠ ਓਇ ਹਰਾਮੀਆ, ਬੈਠ! ਤੁਸੀਂ ਕਰੋ ਜੀ ਕਾਰਵਾਈ ਮਜ਼ਾਲ ਏ ਕੋਈ ਬੋਲੇ।

ਅਫ਼ਸਰ – ਨਵੇਂ ਕਨੂੰਨ ਅਨੁਸਾਰ ਅਸੀਂ ਤੁਹਾਡੇ ਪਿੰਡ ਦੀ ਪਚਾਇਤ ਦੀ ਚੋਣ ਕਰਨੀ ਏ। ਤੁਹਾਨੂੰ ਪਤਾ ਲਗ ਹੀ ਗਿਆ ਹੈ ਕਿ ਨਵੀਆਂ ਪੰਚਾਇਤਾਂ ਨੂੰ ਕਿੰਨੇ ਅਖ਼ਤਿਆਰ ਦਿੱਤੇ ਗਏ ਨੇ। ਚੰਗੇ ਪੰਚ ਪਿੰਡ ਦਾ ਬਹੁਤ ਕੁਝ ਸੁਧਾਰ ਸਕਦੇ ਨੇ।

ਅਵਾਜ਼ – ਸ਼ਾਬਾਸ਼ੇ, ਸਚ ਆਖਿਆ ਏ।

ਅਫ਼ਸਰ – ਸਭ ਤੋਂ ਪਹਿਲਾਂਅਸੀਂ ਖੜ-ਪੰਚ ਦੀ ਚੋਣ ਕਰਾਂਗੇ।

ਵਰਿਆਮ – (ਝਟ ਪਟ ਉਠ ਕੇ) ਖੜ-ਪੰਚ ਲਈ ਮੈਂ ਬਾਬੂ ਹੋਰਾਂ ਦਾ ਨਾਂ ਪੇਸ਼ ਕਰਦਾ ਹਾਂ।

ਮਨ – ਮੈਂ ਇਸ ਚੋਣ ਲਈ ਖੜ੍ਹਾ ਨਹੀਂ ਹੋ ਸਕਦਾ, ਕਿਉਂਕਿ ਮੈਂ ਇਥੋਂ ਦਾ ਵਸਨੀਕ ਨਹੀਂ ਹਾਂ। ਸੋ ਮੈਂ ਸੂਬੇਦਾਰ ਸਾਹਿਬ ਦਾ ਨਾਂ ਪੇਸ਼ ਕਰਦਾ ਹਾਂ।

ਕੇਸਰ – ਮੈਂ ਇਸ ਦੀ ਤਾਈਦ ਕਰਦਾ ਹਾਂ।

ਬੰਤਾ – ਮੈਂ ਚੌਧਰੀ ਸਾਹਿਬ ਮੰਧੇ ਦਾ ਨਾਂ ਪੇਸ਼ ਕਰਦਾ ਹਾਂ।

ਗਾਮਾ – ਮੈਂ ਇਹ ਦੀ ਤੀਦ ਕਰਦਾ ਹਾਂ।

ਅਫ਼ਸਰ – ਕੋਈ ਹੋਰ ਨਾਂ।

ਅਵਾਜ਼ – ਦੋ ਹੀ ਕਾਫ਼ੀ ਨੇ, ਵੋਟਾਂ ਲਓ।

ਅਫ਼ਸਰ – ਪਿੰਡ ਦੇ ਖੜ-ਪੰਚ ਲਈ ਦੋ ਨਾਂ ਸਾਡੇ ਸਾਹਮਣੇ ਨੇ। ਅੱਛਾ ਜਿਹੜੇ ਸੂਬੇਦਾਰ ਦੇ ਹਥ ਵਿਚ ਹਨ, ਹੱਥ ਖੜ੍ਹੇ ਕਰਨ।

ਬਹੁਤ ਸਾਰੇ ਲੋਕੀ ਹੱਥ ਖੜੇ ਕਰਦੇ ਹਨ ਅਤੇ ਅਫ਼ਸਰ ਗਿਣਦਾ ਹੈ।

ਅਫ਼ਸਰ – ਜਿਹੜੇ ਚੌਧਰੀ ਮੰਧੇ ਦੇ ਹਕ ਵਿਚ ਨੇ, ਉਹ ਹੱਥ ਖੜੇ ਕਰਨ। (ਗਿਣ ਕੇ) ਕਿਉਂਕਿ ਵਧੇਰੇ ਲੋਕੀ ਸੂਬੇਦਾਰ ਦੇ ਹੱਕ ਵਿਚ ਨੇ ਇਸ ਕਰਕੇ ਸੂਬੇਦਾਰ ਸਾਹਿਬ ਖੜ-ਪੰਚ ਚੁਣੇ ਗਏ ਨੇ।

ਕੁਝ ਲਿਖਣ ਲਗਦਾ ਹੈ।

ਉਮਰਾ – ਸ਼ਾਬਾਸ਼ੇ ਸੂਬੇਦਾਰਾ, ਬੜਾ ਜਸ ਖੱਟਿਆ ਜੇ।

ਸੂਬੇਦਾਰ – ਹੋਰ ਸਿਪਾਹੀ ਦਾ ਕੰਮ ਕਿਆ ਹੈ — ਲੜਨਾ।

ਗੰਡਾ – ਭਈ ਬੜਾ ਮਰਦ ਏ ਸੂਬੇਦਾਰ।

ਕੇਸਰ – ਗੱਲ ਭਾਵੇਂ ਮਤਲਬ ਦੀ ਕਰਦਾ ਏ ਪਰ ਕੰਮ ਨੂੰ ਇਸ ਦੇ ਮਕਾਬਲੇ ਦਾ ਕੋਈ ਵਿਰਲਾ ਈ ਮਾਈ ਦਾ ਬੱਚਾ ਹੋਵੇਗਾ।

ਗੰਡਾ – ਏਹ ਸਭ ਬਾਬੂ ਜੀ ਹੋਰਾਂ ਦੀ ਅਕਲਮੰਦੀ ਏ। ਏਹੋ ਜਹੇ ਬੰਦੇ ਦਾ ਪੂਰਾ ਫ਼ੈਦਾ ਓਹੋ ਉਠਾਉਣਾ ਜਾਣਦੇ ਨੇ।

ਅਫ਼ਸਰ – ਹੁਣ ਅਸੀਂ ਪੰਚਾਇਤ ਦੇ ਚਾਰ ਹੋਰ ਮੈਂਬਰ ਚੁਣਨੇ ਨੇ।

ਇੰਨੇ ਨੂੰ ਚੌਧਰੀ ਮੰਧਾ ਤੇ ਉਸ ਦੇ ਯਾਰ ਬੇਲੀ ਉਠ ਕੇ ਤੁਰ ਜਾਂਦੇ ਹਨ। ਉਨ੍ਹਾਂ ਦੇ ਜਾਣ ਪਿੱਛੋਂ ਚੋਣ ਜਾਰੀ ਰਹਿੰਦੀ ਹੈ ਤੇ ਵਰਿਆਮ ਉਮਰਾ, ਕੇਸਰ ਤੇ ਗੰਡਾ ਚੁਣੇ ਜਾਂਦੇ ਹਨ। ਅਤੇ ਜਲਸਾ ਬਰਖ਼ਾਸਤ ਹੁੰਦਾ ਹੈ।

# ਦੂਜੀ ਝਾਕੀ

ਸੂਬੇਦਾਰ ਦੀ ਕੋਠੀ ਦੇ ਬਾਗ਼ ਵਿੱਚ ਪਿੰਡ ਦੀਆਂ ਕੁੜੀਆਂ ਕਿਸੇ ਅਪਾਰ ਖ਼ੁਸ਼ੀ ਵਿਚ ਹਸ-ਖੇਡ ਰਹੀਆਂ ਹਨ।

ਚੰਨੋ – ਜੀ ਜੰਨਤੇ, ਵੇਖ ਨੀ ਪੱਛੋਂ ਵਲ, ਕਾਲੀ ਸ਼ਾਹ ਘਟਾ !

ਜੰਨਤੇ – ਹਾਯਾ ਨੀ ! ਪ੍ਰੀਤੋ ਦੇ ਕੇਸਾਂ ਨਾਲਂ ਕਾਲੀ।

ਨਿਆਮਤੇ – ਨੀ ਮੈਂ ਮਰ ਜਾਂ ਇਸ ਤੇ ਘਰ ਵੀ ਨਹੀਂ ਪੁੱਟਣ ਦੇਣਾ।

ਪ੍ਰੀਤੋ– ਸਾਹ ਲੈ ਨੀ, ਕਿਤੇ ਹੜ ਨਹੀਂ ਆ ਚਲਿਆ।

ਨਿਆਮਤੇ – ਅਣੀਏ, ਜਿਹੜੇ ਗਜਦੇ ਨੇ ਵਰ੍ਹਦੇ ਨਹੀਂ ਹੁੰਦੇ।

ਜੰਨਤੇ – ਵਰ੍ਹੇ ਸਗੋਂ ਸਾਡੀ ਤੇ ਮਕਈ ਵੀ ਮਿੰਞਣ ਨੂੰ ਪਈ ਏ।

ਪ੍ਰੀਤੋ – ਲਓ ਨੀ, ਭੈਣ ਤਾਰੋ ਤੇ ਜਸੋਧਾਂ ਹੋਰੀਂ ਆਉਂਦੀਆਂ ਨੇ।

ਚੰਨੀ – ਆਹਾ ਜੀ ਆਹਾ ! ਕਿੰਨੀਆਂ ਨਿਖਰੀਆਂ ਹੋਈਆਂ ਨੇ।

ਪ੍ਰੀਤੋ– ਅਜ ਨਾ ਨਿਖਰਨ, ਫੇਰ ਨਿਖਰਨਾ ਕਿਸ ਦਿਨ ਏ।

ਜੰਨਤੇ – ਪਰ ਕਪੜੇ ਫੇਰ ਵੀ ਬੜੇ ਸਾਦਾ ਨੇ।

ਨਿਆਮਤੇ – ਕਪੜਿਆਂ ਦੀ ਗੱਲ ਨਹੀਂ, ਖ਼ੁਸ਼ੀ ’ਚ ਚਿਹਰਾ ਆਪੇ ਟਹਿਕ ਪੈਂਦਾ ਏ।

ਪ੍ਰੀਤੋ – ਤੁਹਾਨੂੰ ਉਡੀਕ ਉਡੀਕ ਹਾਰ ਕੇ ਅਸੀਂ ਚਲੇ ਚਲੀਆਂ ਸਾਂ।

ਚੰਨੋ – ਹੁਣ ਵੀ ਅਸੀਂ ਤਾਂ ਖਲੋਵਾਂਗੀਆਂ ਜੇ ਭੈਣ ਕਰਤਾਰ ਅੰਬੀ ਦਾ ਬੂਟਾਂ ਸੁਣਾਵੇ।

ਨਿਆਮਤੇ – ਜੇ ਮੀਂਹ ਨਹੀਂ ਵਰਦਾ ਤਾਂ ਵੀ ਵਰ੍ਹ ਪਏਗਾ।

ਤਾਰੋ – ਅੰਬੀ ਦਾ ਬੂਟਾ ਮੈਂ ਸਭ ਵਾਰ ਸੁਣਾ ਦਿੰਨੀਆਂ, ਤੁਸੀਂ ਮੀਂਹ ਵਰ੍ਹਾਓ।

ਚੰਨੋ – ਮੀਂਹ ਤੋਂ ਬਿਨਾਂ ਸੌਣ ਕਿਹੜਾ ਚੰਗਾ ਲਗਦਾ। ----

ਸੌਣ ਦਿਆ ਬਦਲਾ ਵੇ,
ਮੈਂ ਤੇਰਾ ਜਸ ਗਾਵਾਂ।

ਪ੍ਰੀਤੋ – ਸੁਣ ਨੀ, ਇਹ ਆਪਣਾ ਈ ਰਾਗ ਅਲਾਪਣ ਲਗ ਪੈਂਦੀ ਏ।

ਤਾਰੋ – (ਅਪਾਰ ਮਸਤੀ ਵਿੱਚ ਗਾਂਦੀ ਹੈ) –

ਇਕ ਬੂਟਾਂ ਅੰਭੀ ਦਾ
ਘਰ ਸਾਡੇ ਲੱਗਾ ਨੀ
ਜਿਸ ਥੱਲੇ ਬਹਿਣਾ ਨੀ
ਸੁਰਗਾਂ ਵਿੱਚ ਰਹਿਣਾ ਨੀ
ਕੀ ਉਸ ਦਾ ਕਹਿਣਾ ਨੀ
ਵਿਹੜੇ ਦਾ ਗਹਿਣਾ ਨੀ
ਪਰ ਮਾਹੀ ਬਾਝੋਂ ਨੀ
– – – – – – – – –

ਸਾਰੀਆਂ ਹਸ ਪੈਂਦੀਆਂ ਹਨ। ਤਾਰੋ ਸਾਰੀ ਕਵਿਤਾ ਜ਼ਬਾਨੀ ਸੁਣਾਉਂਦੀ ਹੈ।

ਜੰਨਤੇ – ਨੀ ਬੀਬੀ, ਹੋਰ ਸੁਣਾ ਕੋਈ ਏਹੋ ਜਹੀ।

ਨਿਆਮਤੇ – ਦੇਖ ਤਾਂ ਸਹੀ ਬਦਲ ਵੀ ਝੁਕ ਪਏ ਨੇ।

ਤਾਰੋ – ਹੁਣ ਭੈਣ ਜਸੋਧਾਂ ਹੋਰਾਂ ਤੋਂ ਸੁਣੋ, ਇਨ੍ਹਾਂ ਨੂੰ ਬਹੁਤ ਯਾਦ ਨੇ।

ਜਸੋਧਾਂ– ਮੇਰਾ ਦਿਲ ਨਹੀਂ ਮੰਨਦਾ ਅਜ ਗਾਣ ਨੂੰ।

ਪ੍ਰੀਤੋ – ਜੇ ਅਜ ਨਹੀਂ ਮੰਨਦਾ ਫੇਰ ਮੰਨੇਗਾ ਕਦੋਂ।

ਚੰਨੋ – ਅਜ ਨਾਲੋਂ ਵੀ ਖ਼ੁਸ਼ੀ ਭਰਿਆ ਦਿਨ ਕੋਈ ਆਉਣਾ ਏ?

ਨਿਆਮਤੇ – ਪਹਿਲੋਂ ਖ਼ੁਸ਼ੀ ’ਚ ਸਾਡੇ ਹੀ ਪੈਰ ਧਰਤੀ ਤੇ ਲਗਦੇ।

ਜਸੋਧਾਂ – ਮੇਰੇ ਦਿਲ ’ਚ ਕੋਈ ਡਰ ਜਿਹਾ ਬੈਠਾ ਹੋਇਆ ਏ।

ਸਾਰੀਆਂ – ਅਸੀਂ ਫੇਰ ਚਲਨੀਆਂ।

ਤਾਰੋ – ਠਹਿਰੋ ਨੀ, ਜ਼ਰਾ, ਸੁੱਖੀ ਸਾਂਦੀਂ ਜਾਣਾ ਕਿਉਂ ਏਂ। ਸੁਣਾਣ ਲੱਗੇ ਨੇ।

ਜਸੋਧਾਂ – ਚਲ ਉਡ ਚਲੀਏ ਅਸਮਾਨੀ —

ਅਮਰ ਤੜਪ ਦੇ ਪਰ ਲਾ ਦਿਲ ਨੂੰ,
ਚੀਰ ਕੇ ਏਸ ਫ਼ਜ਼ਾ ਦੀ ਸਿਲ ਨੂੰ,
ਚਿਕੜਾਂ ਰੰਗੇ ਬਦਲਾਂ ਥਾਣੀਂ,
ਉਡ ਚਲੀਏ ਅਸਮਾਨੀਂ, ਰਾਣੀ।
– – – – – – – – –

ਚੰਨੋ – ਹੋਰ ਸੁਣਾਓ ਜੀ ਕੋਈ ਹੋਰ।

ਜਸੋਧਾਂ – ਨੀ ਬਸ ਵੀ ਕਰੋ ਹੁਣ, ਕਵੀ ਦਰਬਾਰ ਈ ਲਾ ਬੈਠੀਆਂ।

ਤਾਰੋ – ਜਦੋਂ ਕੁਦਰਤ ਨੇ ਲਾਇਆ ਹੋਇਆ ਏ, ਸਾਨੂੰ ਕੋਈ ਡਰ ਏ। ਦੇਖੋ ਤਾਂ ਸਹੀ ਕਿਵੇਂ ਮੋਰ, ਘੁਘੀਆਂ ----

ਪ੍ਰੀਤੋ – ਓ ਦੇਖੋ ਨੀ ਓਹ!

ਜੰਨਤੇ – ਜਾਹ ਨੀ ਓਧਰ, ਸਾਨੂੰ ਵੀ ਨਹੀਂ ਸੁਣਨ ਦਿੰਦੀ।

ਪ੍ਰੀਤੋ – ਸੁਣੀਏ ਕੀ, ਅਸੀਂ ਆਪ ਕਵਿਤਾ ਬਣੇ ਹੋਏ ਆਂ।

ਚੰਨੋ – ਵੇਖ ਲਓ ਨੀ ਕਵਿਤਾ ਰਾਣੀ ਨੂੰ।

ਨਿਆਮਤੇ – ਪ੍ਰੀਤੋ ਨੂੰ ਹੋਇਆ ਕੀ ਅਜ!

ਜੰਨਤੇ– ਹੋਣਾ ਕੀ ਏ, ਭੈਣ ਹੋਰਾਂ ਦੇ ਵਿਆਹ ਦੀ ਦਖ਼ੁਸ਼ੀ ਨੇ ਪਾਗ਼ਲ ਕਰ ਦਿੱਤਾ।

ਚੰਨੋ– ਲਓ ਹੁਣ ਤਿਤਲੀ ਨੂੰ ਫੜਨ ਲੱਗ ਪਈ !

ਜੰਨਤੇ– ਅੜੀਏ, ਤੈਨੂੰ ਤਰਸ ਨਹੀਂ ਆਉਂਦਾ ਮਸੂਮ ਤੇ! ਵੇਖ ਤਾਂ ਸਹੀ ਕਿੰਨੀ ਕੋਮਲ ਤੇ ਨਰਮ ਏ।

ਪ੍ਰੀਤੋ – ਤੇ ਮੇਰੇ ਹੱਥ ਉਹਦੇ ਨਾਲੋਂ ਘੱਟ ਨਰਮ ਨੇ।

ਤਾਰੋ – ਪ੍ਰੀਤੋ, ਇਹਦੀ ਵੀ ਸਾਡੇ ਵਰਗੀ ਜਾਨ ਏ। ਜਿੱਦਾਂ ਅਸੀਂ ਚਾਹੁੰਨੀਆਂ, ਪਈ ਸਾਡੀ ਖੇਡ ਵਿੱਚ ਕੋਈ ਰੋਕ ਨਾ ਪਾਏ, ਜਿੱਦਾਂ ਦਿਲ ਕਰੇ ਨਚੀਏ, ਗਾਈਏ, ਹੱਸੀਏ, ਖੇਡੀਏ — ਇਸੇ ਤਰ੍ਹਾਂ ਇਹ ਕਹਿੰਦੀਆਂ ਹੋਣਗੀਆਂ।

ਨਿਆਮਤੇ – ਨੀ ਮਰ ਪਰੇ, ਹੁਣੇ ਪੈਰ ਹੇਠ ਆ ਚਲੀ ਸੀ।

ਪ੍ਰੀਤੋ – ਅਗੇ ਲਖ ਹਜ਼ਾਰਾਂ ਤਿਤਲੀਆਂ,

ਮਿਧ ਸੁਟੀਆਂ ਭਾਗਾਂ ਦਿਆਂ ਪਹੀਆਂ।

ਜਸੋਧਾਂ – ਨੀ ਕੋਈ ਚੰਗਾ ਜਿਹਾ ਗੀਤ ਗਾਓ — ਮੇਰਾ ਦਿਲ ਬੇਚੈਨ ਜਿਹਾ ਹੁੰਦਾ ਜਾਂਦਾ ਹੈ।

ਤਾਰੋ – ਆਓ ਨੀ ਘੇਰਾ ਬੰਨੋ, ਗਿੱਧਾ ਪਾਈਏ।

ਸਾਰੀਆਂ ਘੇਰਾ ਪਾ ਲੈਂਦੀਆਂ ਹਨ।

ਵੀਰ ਮੇਰੇ ਨੇ ਪਿੰਡ ਵਸਾਇਆ
ਵਧ ਸੁਰਗਾਂ ਤੋਂ ਸੋਹਣਾ।
ਪੁਰਾਣੇ ਪਿੰਡ ਦੀ ਗੱਲ ਨਾ ਕੋਈ,
ਰਿਹਾ ਨਾ ਰੋਣਾ ਧੋਣਾ।
ਨਵਾਂ ਜੀਵਨ ਜਿਸ ਦਿੱਤਾ ਪਿੰਡਾਂ ਨੂੰ,
ਜੀਵੇ ਵੀਰ ਮਨ-ਮੋਹਣਾ।
ਨੀ ਨਵੇਂ ਪਿੰਡ ਚਲ ਵਸੀਏ —
ਜੇ ਲੈਣਾ ਸੁਰਗ ਦਾ ਝੂਟਾ । ....

ਨੀ ਨਵੇਂ ......

ਨਿਆਮਤੇ – ਭੈਣ ਜੀ, ਉਹ ਪਾਸ਼ੋ ਦੇਖੋ ਕਿੱਦਾਂ ਭੱਜੀ ਆਉਂਦੀ ਏ।

ਜਸੋਧਾਂ – (ਡਰ ਕੇ) ਕਿਤੇ ਸਾਨੂੰ ਨਾ ਸੱਦਣ ਆਈ ਹੋਵੇ।

ਤਾਰੋ – ਹੈ ਤੇ ਕੁਝ ਇਹੋ ਜਹੀ ਗੱਲ।

ਸਾਰੀਆਂ – ਨੀ ਗੱਲ ਕੀ ਏ ?

ਪਾਸ਼ੋ – (ਸਾਹੋ ਸਾਹ) ਪਿੰਡ ’ਚ ਲੜਾਈ ਹੋ ਗਈ।

ਜਸੋਧਾਂ – ਫੇਰ?

ਪਾਸ਼ੋ – ਵੀਰ ਦੇ ਸਟ ਲਗ ਗਈ।

ਜਸੋਧਾਂ– ਕਿਸ ਦੇ !

ਪਾਸ਼ੋ – ਮਨ ਮੋਹਣ ਭਰਾ ਦੇ।

ਤਾਰੋ – ਨੀ ਕਿਸ ਨੇ ਸਟ ਮਾਰੀ?

ਪਾਸ਼ੋ – ਚੌਧਰੀ ਮੰਧੇ ਦੇ ਆਦਮੀਆਂ ਨੇ।

ਤਾਰੋ – ਉਹ ਪੇਸ਼ ਜੁ ਪਿਆ ਹੋਇਆ ਸੀ, ਉਸ ਕੁਝ ਕਰ ਕੇ ਹੀ ਰਹਿਣਾ ਸੀ।

ਜਸੋਧਾਂ – ਮੈਨੂੰ ਅਗੇ ਈ ਭਾਪਦੀ ਸੀ।

ਤਾਰੋ – ਓਹ ਲਈ ਆਉਂਦੇ ਨੇ ਮੰਜੇ ਤੇ ਵੀਰ ਨੂੰ।

ਚਾਰ ਬੰਦੇ ਮਨ–ਮੋਹਣ ਨੂੰ ਮੰਜ ਉਤੇ ਪਾਈ ਚੁੱਕੀ ਆਉਂਦੇ ਹਨ। ਬਹੁਤ ਸਾਰੇ ਲੋਕ ਉਨ੍ਹਾਂ ਦੇ ਮਗਰ ਹਨ। ਇੰਦਰ ਦੇਈ ਦੋ–ਹਥੜੀਆਂ ਪਿਟਦੀ ਅੰਦਰੋਂ ਨਿਕਲਦੀ ਹੈ। ਰਾਮੂ ਸ਼ਾਹ ਤੇ ਸੂਬੇਦਾਰ ਵੀ ਆ ਜਾਂਦੇ ਹਨ।

ਜਸੋਧਾਂ – ਮਾਮਾ ਜੀ, ਇਨ੍ਹਾਂ ਨੂੰ ਆਖੋ ਹਵਾ ਛਡਣ।

ਸੂਬੇਦਾਰ – ਹਟ ਜਾਓ ਇਕ ਪਾਸੇ।

ਇੰਦਰ – (ਪਿਟਦੀ ਹੋਈ) ਕਾਕਾ, ਤੈਨੂੰ ਆਖਿਆ ਸੀ ਨਾ।

ਰਾਮੂ ਸ਼ਾਹ– ਨੇਕੀਆਂ ਦਾ ਬਦਲਾ ਮਿਲਣ ਲੱਗਾ।

ਇੰਦਰ – ਹਾਇ, ਮੈਂ ਲੁੱਟੀ ਗਈ!

ਸੂਬੇਦਾਰ – ਘਬਰਾਓ ਨ, ਸ਼ਾਤੀ ਕਰੋ।

ਜਸੋਧਾਂ ਤਾਲੂਆਂ ਨੂੰ ਝਸਦੀ ਹੈ। ਮਨਮੋਹਣ ਅੱਖਾਂ ਖੁਲ੍ਹਦਾ ਹੈ।

ਰਾਮੂ ਸ਼ਾਹ – ਪੁਤਰ ਐਸ ਗੱਲੋਂ ਮੈਂ ਤੈਨੂੰ ਵਰਜਦਾ ਸੀ।

ਮਨਮੋਹਣ – ਭਾਈਆ ਜੀ, ਤੁਸੀਂ ਫ਼ਿਕਰ ਨਾ ਕਰੋ। ਮੈਂ ਠੀਕ ਹਾਂ।

ਇੰਦਰ – ਵਿਆਹ ਵਾਲੇ ਦਿਨ ਬਦ–ਸ਼ਗਨੀ।

ਸਬੇਦਾਰ – ਕੀ ਆਖ਼ਰ ਆ ਗਈ, ਮੁੰਡਾ ਸੁਰਤ 'ਚ ਹੈ।

ਵਰਿਆਮ – (ਨੱਸਾ ਆ ਕੇ) ਬਾਬੂ ਜੀ! ਬਾਬੂ ਜੀ ! ਤੁਹਾਨੂੰ ਇਸ ਹਾਲਤ ਵਿਚ ਦੇਖ ਕੇ ਅਸੀਂ ਹੁਣ ... ਜੀਉਂਦੇ ਨਹੀਂ ਰਹਿ ਸਕਦੇ, ਮੁੰਡਿਆਂ ਨ ਚੌਧਰੀ ਦਾ ਘਰ ਘੇਰ ਲਿਆਏ।

ਮਨ– ਵਰਿਆਮੇ, ਜੇ ਮੇਰੀ ਤੇਰੇ ਦਿਲ ਵਿਚ ਕੋਈ ਕਦਰ ਹੈ ਤਾਂ ਮੇਰਾ ਇਹ ਕਹਿਣਾ ਮੰਨ ਕੇ ਮੁੰਡਿਆਂ ਨੂੰ ਇਸ ਕੰਮੋਂ ਹਟਾ। ਮੈਂ ਮਰ ਕੇ ਵੀ ਪਿੰਡ ਵਿਚ ਫ਼ਸਾਦ ਨਹੀਂ ਹੋਣ ਦੇਣਾ ਚਾਹੁੰਦਾ।

ਵਰਿਆਮ – ਪਰ ਜੀ ਮੁੰਡੇ ਮੇਰੇ ਆਖੇ ਨਹੀਂ ਮੁੜਨ ਲੱਗੇ।

ਮਨ – ਤੂੰ ਜਾਹ ਸਹੀ ਤੇਰਾ ਕਿਹਾ ਨਹੀਂ ਮੋੜ ਸਕਦੇ।

ਹਰ ਕੌਰ ਦੁੱਧ ਦਾ ਛੰਨਾ ਲਿਆਉਂਦਾ ਹੈ। ਦੁੱਧ ਦੀ ਗਰਮ ਨਾਲ ਮਨਮੋਹਣ ਕੁਝ ਅੱਛੀ ਹਾਲਤ ਵਿਚ ਹੋ ਜਾਂਦਾ ਹੈ।

ਰਾਮੂ ਸ਼ਾਹ – ਪੁਤਰ, ਮੈਂ ਤੈਨੂੰ ਹੁਣ ਛਡ ਕੇ ਨਹੀਂ ਜਾਵਾਂਗਾ।

ਮਨ – (ਜਸੋਧਾਂ ਵਲ ਦੇਖ ਕੇ) ਸਾਡਾ ਕੰਮ ਵੀ ਪਿੰਡਾਂ ਵਿਚ ਲਗ ਪਗ ਖ਼ਤਮ ਹੋਣ ਵਾਲਾ ਏ। ਚੌਧਰੀ ਦੇ ਇਸ ਕਾਰੇ ਨੇ ਰਹਿੰਦੇ ਖੂੰਦੇ ਆਦਮੀ ਵੀ ਸਾਡੇ ਹਕ ਵਿੱਚ ਕਰ ਦਿੱਤੇ ਨੇ ਸਮਝੋ। ਮਾਂ ਜੀ, ਤੁਸੀਂ ਵਿਆਹ ਦੀ ਤਿਆਰੀ ਕਰੋ, ਵਿਆਹ ਅਜ ਜ਼ਰੂਰ ਹੋਵੇਗਾ — ਮੈਂ ਠੀਕ ਹਾਂ .... ਤੁਸੀਂ ਘਬਰਾਓ ਨਾ।

ਸਾਰੇ ਖ਼ੁਸ਼ ਹੋ ਜਾਂਦੇ ਹਨ। ਉਧਰੋਂ ਵਰਿਆਮ ਸਿੰਘ ਭੱਜਾ ਆਉਂਦਾ ਹੈ। ਮਨ-ਮੋਹਨ ਨੂੰ ਚੰਗੀ ਹਾਲਤ ਵਿਚ ਦੇਖ ਕੇ ਬੇਹਦ ਖ਼ੁਸ਼ ਹੋ ਜਾਂਦਾ ਹੈ।

ਮਨ – ਕੀ ਬਣਿਆ ਫੇਰ ?

ਵਰਿਆਮ – ਚੌਧਰੀ ਮੰਧਾ ਤੇ ਉਸ ਦੇ ਯਾਰ ਬੇਲੀ ਘਰ ਦੀ ਪਿਛਲੀ ਕੰਧ ਟਪ ਕੇ ਨਸ ਗਏ।

ਤਾਰੋ – ਚਲੋ ਚੰਗਾ ਹੋ ਗਿਆ ਵੇਲਾ ਟਲ ਗਿਆ।

ਵਰਿਆਮ – ਉਹ ਤਾਂ ਟਲ ਗਿਆ, ਪਰ ਵਿਆਹ ਦਾ ਵੇਲਾ ਅਟੱਲ ਹੈ।

ਸਾਰੇ ਹਸ ਪੈਂਦੇ ਹਨ।

ਪਰਦਾ